# ਨਾਵਲੀ ਪੜ੍ਹਤ-ਅਣਹੋਏ ਰਿਸ਼ਤਿਆਂ ’ਚੋਂ ਅਰਥਾਂ ਦੀ ਤਲਾਸ਼

## (‘ਡੌਂਗੀਟੇਲ ਡਰਾਈਵ’ ਦੇ ਪ੍ਰਸੰਗ ਵਿਚ)

**ਡਾ. ਪਰਮਜੀਤ ਸਿੰਘ ਢੀਂਗਰਾ**



ਸਾਬਕਾ ਡਾਇਰੈਕਟਰ, ਰੀਜ਼ਨਲ ਸੈਂਟਰ ਮੁਕਤਸਰ
✆ 94173-58120

ਸਾਹਿਤ ਸੰਸਾਰ ਨੂੰ ਵਸਤੂ ਸੰਸਾਰ ’ਤੇ ਉਸਰਿਆ ਉਸਾਰ ਮੰਨਿਆ ਜਾਂਦਾ ਹੈ। ਵਸਤੂ ਸੰਸਾਰ ਵਿਚ ਅਸੀਂ ਜਿਊਂਦੇ, ਸਾਹ ਲੈਂਦੇ, ਕਾਰ-ਵਿਹਾਰ ਕਰਦੇ ਤੇ ਜ਼ਿੰਦਗੀ ਦੇ ਅਨੁਭਵ ਵਿਚੋਂ ਗੁਜ਼ਰਦੇ ਹਾਂ। ਇਸ ’ਤੇ ਸਮਾਜ ਤੇ ਕੁਦਰਤ ਦੇ ਨੇਮ ਲਾਗੂ ਹੁੰਦੇ ਹਨ, ਪਰ ਸਾਹਿਤ ਦਾ ਸੰਸਾਰ ਲੇਖਕ ਸਿਰਜਦਾ ਹੈ। ਇਸ ਲਈ ਸਾਹਿਤ ਦੇ ਸੰਸਾਰ ’ਤੇ ਉਹਦੇ ਆਪਣੇ ਨੇਮ ਲਾਗੂ ਹੁੰਦੇ ਹਨ। ਭਾਵੇਂ ਵਿਧਾ ਦੇ ਤੌਰ ’ਤੇ ਉਹਨੂੰ ਸਾਹਿਤ ਦੇ ਕਈ ਨੇਮਾਂ ਦੀ ਪਾਲਣਾ ਕਰਨੀ ਪੈਂਦੀ ਹੈ, ਪਰ ਉਹ ਬਹੁਤ ਕੁਝ ਨੂੰ ਆਪਣੀ ਸਿਰਜਣਾ ਦੀ ਲੋੜ ਅਨੁਸਾਰ ਭੰਨ-ਤੋੜ ਵੀ ਸਕਦਾ ਹੈ। ਉਹਦੇ ਕੋਲ ਜੁਗਤਾਂ ਦਾ ਸੰਸਾਰ ਵੀ ਹੈ ਜਿਸਨੂੰ ਉਹ ਆਪਣੀ ਵਿਧੀ ਘੜਨ ਲਈ ਵਰਤਦਾ ਹੈ। ਨਾਵਲੀ ਸੰਸਾਰ ਦੀ ਵਿਲੱਖਣ ਹੋਂਦ ਕਰਕੇ ਹੀ ਇਸਨੂੰ ਜ਼ਿੰਦਗੀ ਦਾ ਮਹਾਂਕਾਵਿ ਕਿਹਾ ਗਿਆ ਹੈ।

ਸਾਡੇ ਸਾਹਮਣੇ ਸੁਆਲ ਇਸਦੀ ਪੜ੍ਹਤ ਦਾ ਹੈ ਕਿ ਇਸਨੂੰ ਕਿਵੇਂ ਪੜ੍ਹਿਆ ਜਾਵੇ ਤਾਂ ਜੋ ਸਾਨੂੰ ਉਸ ਵਿਚੋਂ ਗਿਆਨ ਦੀ ਪ੍ਰਾਪਤੀ ਹੋ ਸਕੇ। ਨਾਵਲ ਪੜ੍ਹਨ ਦੇ ਆਮ ਤੌਰ ’ਤੇ ਦੋ ਤਰੀਕੇ ਮੰਨੇ ਜਾਂਦੇ ਹਨ। ਪਹਿਲਾ-ਅਸੀਂ ਮਨੋਰੰਜਨ ਲਈ ਇਹਨੂੰ ਪੜ੍ਹਦੇ ਹਾਂ। ਇਹਦੇ ਵਿਚ ਪਾਪੂਲਰ ਕਿਸਮ ਦੇ ਨਾਵਲ ਆ ਜਾਂਦੇ ਹਨ। ਦੂਜਾ-ਨਾਵਲ ਨੂੰ ਇਕ ਸਾਹਿਤਕ ਰੂਪ ਮੰਨ ਕੇ ਅਸੀਂ ਉਹਦੀ ਗਹਿਨ ਸੰਰਚਨਾ ਵਿਚ ਪਏ ਅਰਥਾਂ ਦੀ ਤਲਾਸ਼ ਵਿਚ ਹੁੰਦੇ ਹਾਂ। ਬਹੁਤੀ ਵਾਰੀ ਰਚਨਾ ਦੀ ਸਤਹੀ ਸੰਰਚਨਾ ’ਤੇ ਜੋ ਅਰਥ ਨਜ਼ਰ ਆਉਂਦੇ ਹਨ, ਉਹ ਕਾਫੀ ਨਹੀਂ ਹੁੰਦੇ, ਕਿਉਂਕਿ ਨਾਵਲ ਇਕ ਬੜੀ ਜਟਿਲ ਕਿਸਮ ਦੀ ਸੰਰਚਨਾ ਹੈ ਤੇ ਇਹਦੇ ਅੰਦਰ ਬਹੁਤ ਸਾਰੀਆਂ ਕੜੀਆਂ ਆਪਸ ਵਿਚ ਜੁੜੀਆਂ ਹੁੰਦੀਆਂ ਹਨ। ਉਨ੍ਹਾਂ ਕੜੀਆਂ ਦੀ ਪਛਾਣ ਤੇ ਉਨ੍ਹਾਂ ਪਿਛੇ ਲੁਕੀ ਅਰਥ ਸੰਰਚਨਾ ਨੂੰ ਘੋਖਣਾ ਬੜਾ ਜ਼ਰੂਰੀ ਹੈ ਤਾਂ ਹੀ ਅਸੀਂ ਕਿਸੇ ਨਾਵਲ ਤੋਂ ਅਰਥ ਪ੍ਰਾਪਤੀ ਕਰ ਸਕਦੇ ਹਾਂ। ਇਸ ਲਈ ਸਾਨੂੰ ਸਭ ਤੋਂ ਪਹਿਲਾਂ ਇਹ ਜਾਨਣਾ ਪਏਗਾ ਕਿ ਆਖਰ ਨਾਵਲ ਹੈ ਕੀ? ਇਹ ਕਿਸ ਚੀਜ਼ ਦਾ ਬਣਿਆ ਹੋਇਆ ਹੈ ? ਇਸਦੀ ਲੋੜ ਕਿਓਂ ਹੈ ? ਇਸਨੂੰ ਕਿਵੇਂ ਪੜ੍ਹੀਏ ?

ਇਨ੍ਹਾਂ ਸੁਆਲਾਂ ਦੇ ਜੁਆਬ ਲੱਭਣ ਲਈ ਸਾਨੂੰ ਕੁਝ ਵਿਦਵਾਨਾਂ ਦੀਆਂ ਕਹੀਆਂ ਗੱਲਾਂ ’ਤੇ ਪੰਛੀ ਝਾਤ ਮਾਰਨੀ ਪਏਗੀ-

- ਆਰਨੋਲਡ ਕੈਟਲ ਲਿਖਦਾ ਹੈ-ਸਾਰੇ ਨਾਵਲ ਜਿਨ੍ਹਾਂ ਨੂੰ ਸਫ਼ਲ ਕਲਾਤਮਕ ਰਚਨਾਵਾਂ ਕਿਹਾ ਜਾ ਸਕਦਾ ਹੈ, ਵਿਚ ਦੋ ਤੱਤ ਪ੍ਰਮੁੱਖ ਹੁੰਦੇ ਹਨ-ਜ਼ਿੰਦਗੀ ਤੇ ਪੈਟਰਨ।
- ਈ.ਐਮ. ਫੋਰਸਟਰ ਦਾ ਕਥਨ ਹੈ-ਨਾਵਲ ਰਾਹੀਂ ਅਸੀਂ ਸੰਪੂਰਨ ਮਨੁੱਖ ਨੂੰ ਜਾਣ ਸਕਦੇ ਹਾਂ ਤੇ ਪੜ੍ਹਨ ਦਾ ਅਨੰਦ ਪ੍ਰਾਪਤ ਕਰਨ ਤੋਂ ਇਲਾਵਾ, ਲੋਕਾਂ ਪ੍ਰਤੀ ਵਿਹਾਰਕ ਜ਼ਿੰਦਗੀ ਵਿਚੋਂ ਪ੍ਰਾਪਤ ਹੋਏ ਸਾਡੇ ਧੁੰਧਲੇ ਗਿਆਨ ਦੀ ਪੂਰਤੀ ਹੁੰਦੀ ਹੈ।
- ਕੁਝ ਵਿਦਵਾਨਾਂ ਦਾ ਕਥਨ ਹੈ ਕਿ ਨਾਵਲ ਏਨਾ ਜਟਿਲ ਤੇ ਵਿਸਥਾਰ ਵਾਲਾ ਸਾਹਿਤ ਰੂਪ ਹੈ, ਇਸਦੀ ਕੋਈ ਨਿਸਚਿਤ ਪਰਿਭਾਸ਼ਾ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਅਨੁਸਾਰ-ਨਾਵਲ ਦੀ ਨਿਸਚਿਤ ਸ਼ਬਦਾਂ ਵਿਚ ਪਰਿਭਾਸ਼ਾ ਨਾ ਕਰਨਾ ਸ਼ਾਇਦ ਵਧੇਰੇ ਜਚਦਾ ਹੈ। ਮਾਨਸਿਕ ਜ਼ਿੰਦਗੀ ਦਾ ਇਕ ਰੂਪ ਹੋਣ ਨਾਤੇ ਇਸਨੂੰ ਏਨਾ ਵਿਸਥਾਰ ਦਿੱਤਾ ਜਾ ਸਕਦਾ ਹੈ ਕਿ ਇਸਦੇ ਘੇਰੇ ਵਿਚ ਜੋਤਿਸ਼ ਤੋਂ ਲੈ ਕੇ ਮਨੋ-ਵਿਸ਼ਲੇਸ਼ਣ ਵਰਗੇ ਵਿਸ਼ੇ ਵੀ ਆ ਸਕਣ ਤੇ ਨਾਵਲਕਾਰਾਂ ਨੂੰ ਅਭੀਵਿਅਕਤੀ ਤੇ ਵਸਤੂ ਦੀਆਂ ਨਵੀਆਂ ਕਿਸਮਾਂ ਲੱਭਣ ਤੇ ਉਨ੍ਹਾਂ ਦੀ ਪੇਸ਼ਕਾਰੀ ਵਿਚ ਅਨੰਦ ਮਿਲ ਸਕੇ।

ਇਨ੍ਹਾਂ ਵਿਚੋਂ ਅਸੀਂ ਸਿਰਫ਼ ਇਕ ਗੱਲ ਹੀ ਸਮਝ ਸਕਦੇ ਹਾਂ ਕਿ ਨਾਵਲ ਜ਼ਿੰਦਗੀ ਦੇ ਅਨੁਭਵ ਦਾ ਪ੍ਰਗਟਾ ਹੈ। ਮਨੁੱਖ ਜ਼ਿੰਦਗੀ ਵਿਚ ਜੋ ਕੁਝ ਸਿਖਦਾ ਹੈ ਉਹਨੂੰ ਕਲਾਤਮਕ ਰੂਪ ਵਿਚ ਢਾਲ ਕੇ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਉਹ ਜ਼ਿੰਦਗੀ ਦੇ ਵਸੀਹ ਅਨੁਭਵ ਵਿਚੋਂ ਆਪਣਾ ਇਕ ਦ੍ਰਿਸ਼ਟੀਕੋਣ ਉਸਾਰਦਾ ਹੈ ਤੇ ਉਹਦੀ ਕਲਾਤਮਕ ਪੇਸ਼ਕਾਰੀ ਉਹਦੇ ਅਨੁਭਵ ਦੇ ਨਾਲ-ਨਾਲ ਉਹਦੀ ਦ੍ਰਿਸ਼ਟੀ ਦੀ ਵਾਹਕ ਵੀ ਬਣਦੀ ਹੈ।

ਉਹਦੀ ਦ੍ਰਿਸ਼ਟੀ ਦਾ ਪ੍ਰਗਟਾ ਓਦੋਂ ਹੋ ਜਾਂਦਾ ਹੈ ਜਦੋਂ ਉਹ ਕਿਸੇ ਪ੍ਰਸਥਿਤੀ ਦੇ ਅੰਗਾਂ ਵਿਚੋਂ ਕਿਸੇ ਇਕ ਦੀ ਚੋਣ ਕਰਦਾ, ਚੁਣੇ ਹੋਏ ਅੰਗਾਂ ਨੂੰ ਆਪਣੀ ਰੁਚੀ ਤੇ ਸਮਝ ਅਨੁਸਾਰ ਘੜਦਾ, ਵਿਓਂਤਦਾ, ਸੰਵਾਰਦਾ ਤੇ ਰੂਪ ਦੇਂਦਾ ਹੈ। ਨਾਵਲ ਅਨੁਭਵ ਦਾ ਤੁਰੰਤ ਤੇ ਸਿੱਧਾ ਪ੍ਰਗਟਾ ਨਹੀਂ ਕਰਦਾ ਸਗੋਂ ਕਲਪਨਾ ਰਾਹੀਂ ਇਕ ਅਜਿਹਾ ਸੰਸਾਰ ਸਿਰਜਦਾ ਹੈ ਜੋ ਵਸਤੂ ਸੰਸਾਰ ਵਰਗਾ ਹੁੰਦਾ ਹੋਇਆ ਵੀ ਸ਼ਾਬਦਿਕ ਸੰਸਾਰ ਹੁੰਦਾ ਹੈ। ਜਦੋਂ ਪਾਠਕ ਨਾਵਲ ਪੜ੍ਹਦਾ ਹੈ ਤਾਂ ਉਸ ਵਿਚ ਪੇਸ਼ ਅਨੁਭਵ ਪਾਠਕ ਦੀ ਮਨੁੱਖ ਤੇ ਉਸਦੇ ਪਰਿਵੇਸ਼ ਪ੍ਰਤੀ ਚੇਤਨਾ ਨੂੰ ਤਿਖਿਆਂ, ਡੂੰਘਾ ਤੇ ਵਿਸ਼ਾਲ ਕਰਦਾ ਹੈ। ਪਰ ਇਸ ਤੋਂ ਵੀ ਵੱਧ ਉਸਦੀ ਦ੍ਰਿਸ਼ਟੀ ਤੋਂ ਪ੍ਰਭਾਵਤ ਹੁੰਦਾ ਹੈ ਜਿਸ ਰਾਹੀਂ ਅਨੁਭਵ ਪੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਮਨੁੱਖੀ ਸ਼ਖ਼ਸੀਅਤਾਂ ਨਾਲ ਪਾਠਕ ਜੁੜਦਾ ਜਾਂ ਟੁੱਟਦਾ ਹੈ ਜਿਨ੍ਹਾਂ ਨਾਲ ਨਾਵਲਕਾਰ ਜੋੜਨਾ ਜਾਂ ਤੋੜਨਾ ਚਾਹੁੰਦਾ ਹੈ। ਇਓਂ ਨਾਵਲ ਰਾਹੀਂ ਮਾਨਸਿਕ ਪੱਧਰ ਤੋਂ ਹੋਈ ਪਾਠਕ ਦੀ ਰਿਹਰਸਲ ਉਹਨੂੰ ਜ਼ਿੰਦਗੀ ਦੀ ਤੋਰ ਨੂੰ ਵਧੇਰੇ ਤਿੱਖੇ, ਡੂੰਘੇ ਤੇ ਚੇਤੰਨ ਢੰਗ ਨਾਲ ਵੇਖਣ, ਪਰਖਣ ਤੇ ਵਿਓਂਤਣ ਦੇ ਯੋਗ ਬਣਾ ਦੇਂਦੀ ਹੈ। ਪਰ ਇਹ ਤਾਂ ਹੀ ਸੰਭਵ ਹੈ ਜੇ ਨਾਵਲਕਾਰ ਆਪਣੇ ਅਨੁਭਵ ਦੀ ਪੇਸ਼ਕਾਰੀ ਵਿਚ ਏਨਾ ਸਮਰੱਥ ਹੋਵੇ।

ਵਸਤੂ ਸੰਸਾਰ ਵਿਚ ਭਾਸ਼ਾ ਨੂੰ ਚਿੰਨ੍ਹਾਂ ਦੀ ਪ੍ਰਣਾਲੀ ਮੰਨਿਆ ਜਾਂਦਾ ਹੈ। ਚਿੰਨ੍ਹ, ਚਿਹਨਕ ਤੇ ਚਿਹਨਤ ਪ੍ਰਬੰਧ ਵਿਚ ਸੰਚਾਰ ਪ੍ਰਬੰਧ ਸਿਰਜਦੇ ਹਨ। ਪਰ ਜਦੋਂ ਇਹੀ ਸੰਚਾਰ ਪ੍ਰਬੰਧ ਕਿਸੇ ਸਿਰਜਣਾ ਦਾ ਵਾਹਕ ਬਣਦਾ ਹੈ ਤਾਂ ਇਹ ਅਰਥਾਂ ਦਾ ਉਤਪਾਦਨ ਵੀ ਉਹਦੀ ਸੀਮਾ ਵਿਚ ਕਰਦਾ ਹੈ। ਵਸਤੂ ਸੰਸਾਰ ਵਿਚ ਭਾਸ਼ਾ ਵਿਅਕਤੀਗਤ ਹੁੰਦੀ ਹੈ ਜਦ ਕਿ ਰਚਨਾ ਵਿਚ ਵਿਅਕਤੀਗਤ ਹੁੰਦੀ ਹੋਈ ਵੀ ਸਮੂਹ ਨੂੰ ਸੰਬੋਧਿਤ ਹੁੰਦੀ ਹੈ। ਇਸ ਲਈ ਇਹਦੇ ਸਮੂਹਿਕ ਅਰਥਾਂ ਕਰਕੇ ਹੀ ਇਹ ਵਿਸ਼ੇਸ਼ ਅਰਥਾਂ ਦੇ ਉਤਪਾਦਨ ਦਾ ਸਾਧਨ ਬਣ ਜਾਂਦੀ ਹੈ। ਨਾਵਲੀ ਭਾਸ਼ਾ ਰਾਹੀਂ ਹੀ ਲੇਖਕ ਨੇ ਸੁਜੇਤ ਅਥਵਾ ਕਲਾਤਮਕ ਉਸਾਰੀ ਕਰਨੀ ਹੈ। ਇਸ ਲਈ ਨਾਵਲੀ ਪੜ੍ਹਤ ਵੇਲੇ ਪਾਠਕ ਨੂੰ ਭਾਸ਼ਾ ਤੇ ਉਹਦੇ ਅਰਥਾਂ ਪ੍ਰਤੀ ਚੇਤੰਨ ਹੋਣਾ ਪਏਗਾ, ਕਿਉਂਕਿ ਅਰਥ ਪ੍ਰਾਪਤੀ ਨੇ ਪਾਠਕ ਦੀ ਗਿਆਨ ਸੰਪਤੀ ਬਨਣਾ ਹੈ। ਜਿਸ ਲੇਖਕ ਕੋਲ ਜਿੰਨੀ ਸਮਰੱਥ ਗਲਪੀ ਭਾਸ਼ਾ ਹੋਵੇਗੀ ਉਹ ਓਨਾ ਡੂੰਘਾ ਪ੍ਰਭਾਵ ਸਿਰਜ ਸਕੇਗਾ। ਕਮਜ਼ੋਰ ਗਲਪੀ ਭਾਸ਼ਾ ਤੋਂ ਪਾਠਕ ਚਿਰ-ਸਥਾਈ ਪ੍ਰਭਾਵ ਗ੍ਰਹਿਣ ਨਹੀਂ ਕਰ ਸਕੇਗਾ।

ਨਾਵਲੀ ਪੜ੍ਹਤ ਲਈ ਪਾਠਕ ਦਾ ਸੁਹਿਰਦ ਹੋਣਾ ਵੀ ਜ਼ਰੂਰੀ ਹੈ। ਭਾਰਤੀ ਕਾਵਿ ਸ਼ਾਸਤਰ ਵਿਚ ਪਾਠਕ ਨੂੰ ਸੁਹਿਰਦ ਇਸ ਲਈ ਮੰਨਿਆ ਗਿਆ ਹੈ ਕਿ ਉਹਦੇ ਕੋਲ ਵੀ ਲੇਖਕ ਵਾਂਗ ਦ੍ਰਿਸ਼ਟੀ ਤੇ ਜ਼ਿੰਦਗੀ ਦਾ ਵਸੀਹ ਅਨੁਭਵ ਹੋਵੇ। ਬੇਸ਼ੱਕ ਉਹ ਰਚਨਾਕਾਰ ਨਹੀਂ ਪਰ ਪਾਠਕੀ-ਹੁੰਗਾਰੇ (Reader's Response) ਰਾਹੀਂ ਉਹਨੇ ਪਾਠ ਦੀ ਪੁਨਰ ਸਿਰਜਣਾ ਕਰਨੀ ਹੈ ਤੇ ਅੰਤਿਮ ਤੌਰ 'ਤੇ ਉਹੀ ਉਹਦੀ ਚੇਤਨਾ ਵਿਚ ਟਿਕੀ ਰਹਿਣ ਵਾਲੀ ਵਸਤੂ ਬਣਨੀ ਹੈ। ਇਸ ਲਈ ਪਾਠਕੀ-ਹੁੰਗਾਰਾ ਅੱਜ ਮਹੱਤਵਪੂਰਨ ਹੋ ਗਿਆ ਹੈ। ਜੇ ਪਾਠਕ ਹੁੰਗਾਰਾ ਨਹੀਂ ਭਰਦਾ ਤਾਂ ਇਸ ਦਾ ਅਰਥ ਹੈ ਕਿ ਉਹ ਰਚਨਾ ਦੀ ਸਮਝ ਤੋਂ ਊਣਾ ਰਹਿ ਗਿਆ ਹੈ।

ਏਥੇ ਇਹ ਸੁਆਲ ਵੀ ਮਹੱਤਵਪੂਰਨ ਹੈ ਕਿ ਜੇ ਰਚਨਾ ਪਾਰਗਾਮੀ ਹੈ, ਰਚਣ ਤੋਂ ਬਾਅਦ ਉਹ ਪਾਠਕ ਦੀ ਪ੍ਰਾਪਰਟੀ ਹੈ ਤਾਂ ਫਿਰ ਲੇਖਕ ਦੀ ਸਥਿਤੀ ਕੀ ਹੋਵੇਗੀ? ਲੇਖਕ ਨਾਲ ਜੁੜੇ ਵੇਰਵਿਆਂ ਨੂੰ ਨਕਾਰ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਹੈ। ਪਰ ਰਚਨਾਕਾਰ ਨੇ ਜੋ ਅਨੁਭਵ ਗ੍ਰਹਿਣ ਕੀਤਾ ਹੈ ਉਸਨੂੰ ਉਹਨੇ ਆਪਣੀ ਦ੍ਰਿਸ਼ਟੀ ਰਾਹੀਂ ਪੇਸ਼ ਕੀਤਾ ਹੈ। ਕੀ ਇਸ ਸਭ ਕੁਝ ਨੂੰ ਖਾਰਜ ਕਰਕੇ ਸਿਰਫ਼ ਪਾਠ 'ਤੇ ਦ੍ਰਿਸ਼ਟੀ ਫੋਕਸ ਕਰਕੇ ਅਸੀਂ ਅਰਥ ਪ੍ਰਾਪਤੀ ਕਰ ਸਕਦੇ ਹਾਂ?

ਜੋਹਨ ਫ੍ਰੀਮੈਨ ਆਪਣੀ ਪ੍ਰਸਿੱਧ ਕਿਤਾਬ 'How to Read a Novelist' ਵਿਚ ਇਸ ਗੱਲ 'ਤੇ ਜ਼ੋਰ ਦੇਂਦਾ ਹੈ ਕਿ ਕਿਸੇ ਰਚਨਾ ਪ੍ਰਤੀ ਸਮਝ ਤਾਂ ਹੀ ਪੁਖਤਾ ਹੋ ਸਕਦੀ ਹੈ ਜੇ ਲੇਖਕ ਦੀ ਜ਼ਿੰਦਗੀ ਬਾਰੇ, ਉਹਦੇ ਦ੍ਰਿਸ਼ਟੀਕੋਣ ਤੇ ਮੰਤਵ ਬਾਰੇ ਪਾਠਕ ਨੂੰ ਗਿਆਨ ਹੋਵੇ। ਇਹਦੇ ਲਈ ਉਹ ਸੰਸਾਰ ਪ੍ਰਸਿੱਧ ਨਾਵਲਕਾਰਾ ਟੋਨੀ ਮਾਰੀਸਿਨ ਦੀ ਮਿਸਾਲ ਦੇਂਦਾ ਹੈ ਕਿ ਉਹਦੇ ਨਾਵਲਾਂ ਨੂੰ ਸਮਝਣ ਲਈ ਉਹਦੇ ਪਿਛੋਕੜ ਨੂੰ ਸਮਝਣਾ ਜ਼ਰੂਰੀ ਹੈ। ਉਹਦੇ ਨਾਵਲਾਂ ਦੀ ਪਿੱਠ-ਭੂਮੀ ਅਮਰੀਕਾ ਵਿਚਲੀ ਗੁਲਾਮੀ ਹੈ। ਜੇ ਪਾਠਕ ਨੂੰ ਸਿਆਹਫਾਮ ਲੋਕਾਂ ਦੀ ਗੁਲਾਮ ਅਵਸਥਾ ਦਾ ਗਿਆਨ ਨਹੀਂ ਤਾਂ ਉਹਦੇ ਨਾਵਲਾਂ ਦੇ ਗਹਿਨ ਵਿਚ ਪਏ ਅਰਥਾਂ ਦੀ ਪਛਾਣ ਸੰਭਵ ਨਹੀਂ। ਇਸ ਲਈ ਕਿਹਾ ਜਾ ਸਕਦਾ ਹੈ ਕਿ ਲੇਖਕ ਦੇ ਰਚਨਾ ਸੰਸਾਰ ਵਿਚ ਕਾਰਜਸ਼ੀਲ ਤੱਤਾਂ ਦਾ ਗਿਆਨ ਰਚਨਾ ਦੀ ਸਮਝ ਲਈ ਪਾਠਕ ਨੂੰ ਬਲ ਦੇਂਦਾ ਹੈ।

ਜੇ ਅਸੀਂ ਉਪਰੋਕਤ ਸੁਆਲਾਂ ਦੇ ਸਨਮੁੱਖ ਵਿਹਾਰਕ ਪੱਧਰ 'ਤੇ ਨਾਵਲੀ-ਪੜ੍ਹਤ ਤਿਆਰ ਕਰਨ ਦੀ ਕੋਸ਼ਿਸ਼ ਕਰੀਏ ਤਾਂ ਸਾਨੂੰ ਉਹਦੀ ਅੰਦਰੂਨੀ ਸੰਰਚਨਾ ਦੀ ਪਛਾਣ ਕਰਨੀ ਪਏਗੀ। ਇਸ ਲਈ ਅਸੀਂ ਪ੍ਰਵਾਸੀ ਲੇਖਕ ਇਕਬਾਲ ਮਾਹਲ ਦੇ ਨਾਵਲ 'ਡੌਂਗੀਟੇਲ ਡਰਾਈਵ' ਦੀ ਚੋਣ ਕੀਤੀ ਹੈ। ਪ੍ਰਵਾਸੀ ਨਾਵਲ ਦੇ ਪ੍ਰਸੰਗ ਵਿਚ ਇਹ


**www.sanvad.org**
ISSN : 2395-1273

ਨਾਵਲ ਕਈ ਪੱਖਾਂ ਤੋਂ ਵਿਸ਼ੇਸ਼ ਹੈ। ਇਸ ਵਿਚ ਮੂਲ ਮੁੱਦਾ ਹੈ ਕਿ ਇਕ ਪਾਤਰ ਨਾਵਲ ਲਿਖਣਾ ਚਾਹੁੰਦਾ ਹੈ ਤੇ ਉਹ ਕੱਚੀ ਸਮੱਗਰੀ ਅਥਵਾ ਫੇਬੁਲਾ ਦੀ ਭਾਲ ਵਿਚ ਕੈਨੇਡਾ ਦੀ ਇਕ ਬੇਸਮੈਂਟ ਵਿਚ ਯਾਰਾਂ-ਦੋਸਤਾਂ ਨਾਲ ਬੈਠਾ ਹੈ, ਜੋ ਆਪਣੀ ਆਪਣੀ ਜ਼ਿੰਦਗੀ ਦੇ ਔਰਤਾਂ ਤੇ ਪਿਆਰ ਬਾਰੇ ਤਜ਼ਰਬੇ ਸਾਂਝੇ ਕਰਦੇ ਹਨ। ਕੁਲ ਸੱਤ ਕਹਾਣੀਆਂ ਤਜ਼ਰਬਿਆਂ ਵਿਚੋਂ ਪ੍ਰਗਟ ਹੁੰਦੀਆਂ ਹਨ। ਇਨ੍ਹਾਂ ’ਤੇ ਹੀ ਸਾਰਾ ਨਾਵਲ ਟਿਕਿਆ ਹੋਇਐ। ਇਸ ਵਿਚਲੀ ਗਲਪੀ ਭਾਸ਼ਾ ਚੋਭਾਂ ਤੇ ਕਾਵਿਕ ਅੰਦਾਜ਼ ਵਿਚ ਸਥਿਤੀਆਂ ਵਿਚੋਂ ਸੁਹਜ ਤੇ ਅਨੁਭਵ ਦੀ ਪੇਸ਼ਕਾਰੀ ਕਰਦੀ ਹੈ।

ਨਾਵਲੀ ਸਿਰਜਣਾ ਤੇ ਅਨੁਭਵ ਬਾਰੇ ਲੇਖਕ ਦੇ ਸਵੈ-ਕਥਨ ਮਹੱਤਵਪੂਰਨ ਹਨ -

- ਇਹ ਨਾਵਲ ਵੇਖੀ ਤੇ ਜਾਣੀ-ਪਛਾਣੀ ਜ਼ਿੰਦਗੀ ਦਾ ਸ਼ਾਬਦਿਕ ਰੂਪਾਂਤਰਣ ਹੈ। ਉਹ ਜ਼ਿੰਦਗੀ, ਜੋ ਉਮਰ ਭਰ ਮੇਰੇ ਆਲੇ ਦੁਆਲੇ ਵਾਪਰਦੀ ਰਹੀ, ਮੇਰੇ ਨਾਲ ਖਹਿ ਖਹਿ ਲੰਘਦੀ ਰਹੀ। ਇਕ ਸੁਨਾਮੀ ਵਾਂਗ ਮੇਰੀਆਂ ਸੋਚਾਂ ਨਾਲ ਟਕਰਾ ਟਕਰਾ ਕੇ ਮੈਨੂੰ ਆਪਣੇ ਨਾਲ ਵਹਾ ਲੈ ਜਾਣ ਲਈ ਮਚਲਦੀ ਰਹੀ। ਸ਼ਿਵ ਦੇ ਸ਼ਬਦਾਂ ਵਿਚ ਇਸ ਜ਼ਿੰਦਗੀ ਨਾਲ ਮੇਰਾ ‘ਅੱਗ’ ਦਾ ਰਿਸ਼ਤਾ ਹੈ। ਇਸ ਵਿਚ ਸੇਕ ਵੀ ਹੈ ਤੇ ਮਸਤੀ ਵੀ।
- ਇਸ ਨਾਵਲ ਵਿਚ ਜ਼ਿੰਦਗੀ ਬਹੁਤੀ ਕਲਪਿਤ ਰੂਪ ਵਿਚ ਪੇਸ਼ ਕੀਤੀ ਹੈ। ਇਸ ਨਾਵਲ ਦੇ ਪਾਤਰ, ਸਥਾਨ ਤੇ ਘਟਨਾਵਾਂ ਸ਼ਾਇਦ ਤੁਹਾਨੂੰ ਵੇਖੇ ਤੇ ਜਾਣੇ-ਪਛਾਣੇ ਲੱਗਣ, ਪਰ ਮੈਂ, ਸਿਰਫ਼ ਮੈਂ ਜਾਣਦਾ ਹਾਂ ਕਿ ਉਹ ਨਿਰੇ ਕਲਪਿਤ ਹਨ। ਏਥੋਂ ਤੱਕ ਵੀ ਕਿਹਾ ਜਾ ਸਕਦਾ ਹੈ ਕਿ ਮੈਂ ਇਸ ਨਾਵਲ ਵਿਚ ਜ਼ਿੰਦਗੀ ਨੂੰ ਕਲਪਨਾ ਦਾ ਰੂਪ ਨਹੀਂ ਦਿੱਤਾ, ਸਗੋਂ ਕਲਪਨਾ ਨੂੰ ਜ਼ਿੰਦਗੀ ਦੇ ਰੂਪ ਵਿਚ ਢਾਲ ਦਿੱਤਾਹੈ।

ਨਾਵਲ ਦੀ ਘੋਖ-ਪੜਤਾਲ ਵਿਚ ਇਹ ਉਕਤੀਆਂ ਬੜੀਆਂ ਸਹਾਈ ਸਿੱਧ ਹੋ ਸਕਦੀਆਂ ਹਨ।

ਡੌਂਗੀਟੇਲ ਡਰਾਈਵ ਘਰ ਮੰਗਤ ਰਾਮ ਸ਼ਰਮੇ ਦਾ ਹੈ, ਜੋ ਨਾਵਲ ਵਿਚ ਫੱਕੜ ਕਿਸਮ ਦਾ ਪਾਤਰ ਹੈ। ਘਰ ਵਿਚ ਉਹਦੇ ਸਿਵਾਏ ਹੋਰ ਕੋਈ ਪਰਿਵਾਰਕ ਮੈਂਬਰ ਨਹੀਂ। ਉਹਦੀ ਬੀਵੀ ਉਹਨੂੰ ਛੱਡ ਕੇ ਚਲੀ ਗਈ। ਪਰ ਉਹਨੂੰ ਕੋਈ ਫ਼ਰਕ ਨਹੀਂ ਪਿਆ। ਉਹਦੇ ਫੱਕੜ ਸੁਭਾਅ ਨੂੰ ਚਿਤਰਦਿਆਂ ਲੇਖਕ ਲਿਖਦਾ ਹੈ-

- ‘ਵਿਆਹ ਵਰਗੀਆਂ ਚੀਜ਼ਾਂ ਲਈ ਉਹ ਸ਼ਾਇਦ ਬਣਿਆ ਹੀ ਨਹੀਂ ਸੀ। ਬਣਿਆ ਉਹ ਨੌਕਰੀ ਲਈ ਵੀ ਨਹੀਂ ਸੀ। ਬੀਵੀ ਗਈ ਤਾਂ ਉਹਦੀ ਨੌਕਰੀ ਲਈ ਲੋੜ ਵੀ ਖਤਮ ਹੋ ਗਈ। ਉਸਨੇ ਸਮੇਂ ਤੋਂ ਪਹਿਲਾਂ ਰਿਟਾਇਰਮੈਂਟ ਲੈ ਲਈ। ਕੁਝ ਪੈਸੇ ਪੈਨਸ਼ਨ ਦੇ ਮਿਲਣ ਲੱਗੇ ਤੇ ਬਾਕੀ ਅਨੁਵਾਦ ਕਰਕੇ ਕਮਾ ਲੈਂਦਾ। ਉਸਦੀਆਂ ਲੋੜਾਂ ਵੀ ਬਹੁਤੀਆਂ ਨਹੀਂ ਸਨ। ਸਧਾਰਨ ਜਿਹਾ ਲਿਬਾਸ, ਥੋੜ੍ਹੀ ਜਿਹੀ ਸ਼ਰਾਬ, ਚੋਣਵੀਆਂ ਕਿਤਾਬਾਂ ਤੇ ਬਸ...’

ਲੇਖਕ ਉਹਦੀਆਂ ਸਿਫ਼ਤਾਂ ਵੀ ਕਰਦਾ ਹੈ। ਇਹ ਪਾਤਰ ਨਾਵਲ ਦੀ ਚੂਲ ਹੈ। ਇਸਨੂੰ ਸਮਝੇ ਬਿਨਾਂ ਨਾਵਲ ਨੂੰ ਨਹੀਂ ਸਮਝਿਆ ਜਾ ਸਕਦਾ। ‘ਸ਼ਰਮਾ ਸੀ, ਤਾਂ ਕੁਦਰਤੀ ਤੌਰ ’ਤੇ ਬ੍ਰਾਹਮਣ ਹੋਣਾ ਚਾਹੀਦਾ ਸੀ, ਪਰ ਨਹੀਂ ਸੀ। ਸ਼ਾਮ ਢਲਦਿਆਂ ਉਸਦਾ ਘਰ ‘ਵਿਸਕੀ ਯੱਗ’ ਵਿਚ ਬਦਲ ਜਾਂਦਾ। ਇਕ ਜਜਮਾਨ ਵਾਂਗ ਮੰਗਤ ਰਾਮ ਬੜੇ ਸ਼ੌਕ ਨਾਲ ‘ਤੜਕੇ’ ਦਾ ਹਵਨ ਕਰਦਾ। ‘ਮੋਟੇ ਮੋਟੇ ਪੈੱਗਾਂ ਦੀ ਅਹੁਤੀ’ ਪਾਉਂਦਾ ਤੇ ਦੁਨੀਆ ਭਰ ਦੇ ‘ਨੰਗੇ ਚਿੱਟੇ ਚੁਟਕਲਿਆਂ ਦਾ ਪ੍ਰਸ਼ਾਦ’ ਵੰਡਦਾ। ਅਜਿਹੇ ਬਿਆਨ ਦੇਂਦਾ ਕਿ ਦੁਨੀਆ ਭਰ ਦਾ ਗਿਆਨ ਸ਼ਰਮਿੰਦਾ ਹੋ ਕੇ ਥਾਏਂ ਭਸਮ ਹੋ ਜਾਂਦਾ। ਉਸਦੇ ਨਿੰਦਕ ਉਹਨੂੰ ‘ਮਲੇਛ ਬ੍ਰਾਹਮਣ’ ਕਹਿੰਦੇ।

ਉਪਰੋਕਤ ਨਾਵਲੀ ਚਿੰਨ੍ਹ ਜੋ ਧਾਰਮਿਕ ਖੇਤਰ ਨਾਲ ਸੰਬੰਧਿਤ ਹਨ ਇਨ੍ਹਾਂ ਦੇ ਸੰਦਰਭ ਨਾਵਲੀ ਸੰਸਾਰ ਵਿਚ ਹੀ ਅਰਥਵਾਨ ਹਨ ਕਿਉਂਕਿ ਇਨ੍ਹਾਂ ’ਤੇ ਗਲਪੀ ਅਰਥ ਅਰੋਪਿਤ ਕੀਤੇ ਗਏ ਹਨ। ਸ਼ਰਮਾ ਬ੍ਰਾਹਮਣ ਹੈ, ਭਾਵੇਂ ਉਪਰੋਕਤ ਚਿੰਨ੍ਹਾਂ ਵਿਚ ਉਹ ਮਲੇਛ ਸਾਬਤ ਹੁੰਦਾ ਹੈ ਪਰ ਉਹਦੇ ਵਿਚ ਬ੍ਰਾਹਮਣਾਂ ਵਾਲੀ ਸਿਫ਼ਤ ਵੀ ਹੈ ਕਿ ਉਹ ਕਿਤਾਬਾਂ ਦਾ ਠਰਕੀ ਹੈ। ਲੋਕਾਂ ਦੇ ਘਰਾਂ ਵਿਚ ਧਾਰਮਿਕ ਅਨੁਸ਼ਠਾਨਾਂ ਲਈ ਕਮਰਾ ਹੁੰਦਾ ਹੈ ਪਰ ਉਹਦਾ ਸਾਰਾ ਘਰ ਕਿਤਾਬਾਂ ਦਾ ਕਮਰਾ ਹੈ। ਕਿਤਾਬਾਂ ਸਿਰਫ਼ ਉਹਦੇ ਘਰ ਵਿਚ ਹੀ ਨਹੀਂ ਸਗੋਂ ਜ਼ਿੰਦਗੀ ਵਿਚ ਵੀ ਥਾਂ-ਥਾਂ ਖਿੰਡੀਆਂ ਪਈਆਂ ਹਨ। ਲੋਕ ਆਪਣੀ ਉਮਰ ਦਿਨਾਂ ਦੇ ਹਿਸਾਬ ਨਾਲ ਗਿਣਦੇ ਹਨ ਪਰ ਉਹ ਕਿਤਾਬਾਂ ਦੇ ਹਿਸਾਬ ਨਾਲ ਗਿਣਦਾ ਹੈ।

ਉਹ ਹਰ ਚੀਜ਼ ਨੂੰ ਇਕ ਵੱਖਰੀ ਦ੍ਰਿਸ਼ਟੀ ਰਾਹੀਂ ਪੇਸ਼ ਕਰ ਰਿਹਾ ਹੈ। ਮਸਲਨ ਉਹ ਤੜਕੇ ਦੀ ਤੁਲਨਾ ਮੈਡੀਟੇਸ਼ਨ ਨਾਲ ਕਰਦਾ ਹੈ-

- ਤੜਕਾ ਭੁੰਨਣਾ ਇਕ ਤਰ੍ਹਾਂ ਦਾ ਧਿਆਨ ਈ ਐ। ਮੈਡੀਟੇਸ਼ਨ। ਤੜਕਾ ਭੁੰਨਦੇ ਹੋਏ ਤੁਸੀਂ ਹੋਰ ਕਿਸੇ

ਚੀਜ਼ ਬਾਰੇ ਨਹੀਂ ਸੋਚ ਸਕਦੇ। ਤੁਹਾਡਾ ਸਾਰਾ ਵਿਚਾਰ ਤੜਕੇ ਬਾਰੇ ਹੋਣਾ ਚਾਹੀਦੈ। ਇਹ ਨਿਰੀ ਨਿਰਵਿਚਾਰ ਹੋਣ ਦੀ ਪ੍ਰਕਿਰਿਆ ਹੈ। ਜਿਵੇਂ ਧਿਆਨ ਵਿਚ ਵਾਪਰਦੀ ਹੈ ਜਾਂ ਜਿਵੇਂ ਸੈਕਸ ਦੌਰਾਨ ਵਾਪਰਦੀ ਹੈ। ਲਗਾਤਾਰ ਧਿਆਨ ਇਕ ਬਿੰਦੂ 'ਤੇ ਕੇਂਦਰਿਤ ਰਹਿੰਦਾ ਹੈ। ਭੁੰਨਣ 'ਤੇ ਤੇ ਭੁੰਨੇ ਜਾਣ 'ਤੇ। ਫੇਰ ਇਕ ਸਟੇਜ 'ਤੇ ਆਰਗੇਜ਼ਮ ਵਾਪਰ ਜਾਂਦਾ ਹੈ। ਤੜਕਾ ਘਿਓ ਛੱਡ ਜਾਂਦਾ ਹੈ। ਉਸ ਵਿਚੋਂ ਭਾਫ ਨਿਕਲਨੀ ਬੰਦ ਹੋ ਜਾਂਦੀ ਹੈ ਤੇ ਪਿਛੇ ਰਹਿ ਜਾਂਦਾ ਹੈ ਮੱਠਾ ਮੱਠਾ ਸੇਕ। ਫੇਰ ਤੜਕਾ ਲਿਸ਼ਕਦਾ ਹੈ, ਜਿਵੇਂ ਕਿਸੇ ਸਹਿਜ ਅਨੰਦ ਨੂੰ ਪ੍ਰਾਪਤ ਹੋ ਕੇ ਸਾਧਕ ਦੀਆਂ ਅੱਖਾਂ ਲਿਸ਼ਕਦੀਆਂ ਹਨ ਅੱਧ-ਖੁਲ੍ਹੀਆਂ ਅੱਖਾਂ। ਜਿਸ ਬੰਦੇ ਨੂੰ ਤੜਕੇ ਤੇ ਘਿਓ ਦੇ ਰਿਸ਼ਤੇ ਦਾ ਪਤਾ ਨਹੀਂ ਉਸਦੀ ਜਨਾਨੀ ਬਹੁਤ ਜਲਦੀ ਬੇਵਫ਼ਾ ਹੋ ਜਾਂਦੀ ਹੈ।

ਇਸ ਸਥਿਤੀ ਵਿਚ ਇਕ ਗੁੰਝਲ ਵੱਲ ਇਸ਼ਾਰਾ ਕੀਤਾ ਗਿਆ ਹੈ ਉਹ ਹੈ - 'ਬੇਵਫ਼ਾ' ਦਾ ਮੋਟਿਫ਼, ਜਿਸਨੇ ਅੱਗੇ ਜਾ ਕੇ ਕਥਾ ਨੂੰ ਕਈ ਮੋੜ ਦੇਣੇ ਹਨ। ਦੂਜਾ ਤੜਕੇ ਦੀ ਸਾਰੀ ਪ੍ਰਕਿਰਿਆ ਵਿਚੋਂ ਓਸ਼ੋ ਦੇ ਪ੍ਰਭਾਵ ਨੂੰ ਸਹਿਜੇ ਪਛਾਣਿਆ ਜਾ ਸਕਦਾ ਹੈ।

ਅੱਜ ਬੇਸਮੈਂਟ ਵਿਚ ਜਿਹੜੀ ਪਾਰਟੀ ਰਚਾਈ ਜਾ ਰਹੀ ਹੈ, ਉਹਦਾ ਮਕਸਦ ਸਾਰੇ ਹਾਜ਼ਰ ਬੰਦਿਆਂ ਦੇ 'ਪ੍ਰੇਮ ਕਿੱਸੇ' ਸੁਨਣੇ ਹਨ। ਇਸ ਬਹਾਨੇ ਔਰਤ ਦੀਆਂ ਪਰਤਾਂ ਖੋਲ੍ਹਣੀਆਂ ਹਨ। ਏਥੇ ਮੁੱਢ ਕਦੀਮ ਦੀ ਐਡਮ ਤੇ ਈਵ ਦੀ ਕਹਾਣੀ ਨੂੰ ਵਿਚਾਰਿਆ ਜਾ ਸਕਦਾ ਹੈ। ਇਸ ਅਨੁਸਾਰ ਜਦੋਂ ਰੱਬੀ ਹੁਕਮ ਅਦੂਲੀ ਲਈ ਐਡਮ ਤੇ ਈਵ ਨੂੰ ਅਦਨ ਬਾਗ ਵਿਚੋਂ ਨਿਕਾਲਾ ਦੇ ਦਿੱਤਾ ਗਿਆ ਤੇ ਮੁੜ ਉਨ੍ਹਾਂ ਦੀ ਓਥੇ ਵਾਪਸੀ ਨੂੰ ਸਖਤੀ ਨਾਲ ਰੋਕ ਦਿੱਤਾ ਗਿਆ ਤਾਂ ਦੋਵੇਂ ਧਰਤੀ 'ਤੇ ਆ ਕੇ ਭਟਕਣ ਲੱਗੇ। ਇਕ ਦਿਨ ਐਡਮ ਨੇ ਰੱਬੀ ਦਰਬਾਰ ਵਿਚ ਜਾ ਕੇ ਬੇਨਤੀ ਕੀਤੀ ਕਿ ਧਰਤੀ 'ਤੇ ਉਹਦਾ ਜੀਅ ਨਹੀਂ ਲੱਗ ਰਿਹਾ, ਇਹਦੇ ਲਈ ਕੁਝ ਕੀਤਾ ਜਾਵੇ। ਕਿਹਾ ਜਾਂਦਾ ਹੈ ਕਿ ਰੱਬ ਨੇ ਚੰਦਰਮਾ ਨੂੰ ਸੱਦਿਆ ਤੇ ਉਹਦੀ ਚਾਨਣੀ ਵਿਚ 'ਡਿਜ਼ਾਇਰ' ਭਰ ਕੇ ਐਡਮ ਨੂੰ ਕਿਹਾ ਕਿ ਜਾ ਧਰਤੀ 'ਤੇ ਜਾ ਕੇ ਚਾਨਣੀ ਰਾਤ ਵਿਚ ਈਵ ਨੂੰ ਲੱਭ ਤੇਰਾ ਜੀਅ ਲੱਗ ਜਾਏਗਾ। ਜਦੋਂ ਐਡਮ ਨੇ ਅਜਿਹਾ ਕੀਤਾ ਤਾਂ ਦੋਹਾਂ ਵਿਚ ਡਿਜ਼ਾਇਰ ਦੀ ਤੜਪ ਪੈਦਾ ਹੋ ਗਈ ਜਿਸਨੇ ਸੰਸਾਰ 'ਤੇ ਮਨੁੱਖ ਦਾ ਬੀਜ ਬੀਜਿਆ। ਇਹ ਸਾਰਾ ਨਾਵਲ ਔਰਤ ਪ੍ਰਤੀ ਡਿਜ਼ਾਇਰ 'ਤੇ ਟਿਕਿਆ ਹੋਇਆ ਹੈ। ਸ਼ਰਮਾ, ਜੋ ਔਰਤ ਤੋਂ ਵਿਰਵਾ ਹੈ, ਇਸ ਨਾਵਲ ਦਾ ਸੂਤਰਧਾਰ ਹੈ। ਉਹਦੀਆਂ ਟਿੱਪਣੀਆਂ ਬੜੀਆਂ ਤਿੱਖੀਆਂ ਤੇ ਸੂਲਾਂ ਵਰਗੀਆਂ ਹਨ।

ਅੱਜ ਦੀ ਪਾਰਟੀ ਦਾ ਕਾਰਨ ਇਹ ਹੈ ਕਿ ਇਨ੍ਹਾਂ ਪੁਰਖਾਂ ਦੀਆਂ ਬੀਵੀਆਂ ਟੋਰਾਂਟੋ ਵਿਚ ਲਾਇਆ ਗਿਆ ਤੀਆਂ ਦਾ ਮੇਲਾ ਵੇਖਣ ਗਈਆਂ ਹੋਈਆਂ ਹਨ। ਇਹ ਅਯੋਜਨ 'ਬੀਬੀਆਂ ਦਾ, ਬੀਬੀਆਂ ਲਈ, ਬੀਬੀਆਂ ਦੁਆਰਾ ਕੀਤਾ ਗਿਆ ਹੈ। ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਮਰਦਾਂ ਨੇ ਕੁਝ ਘੰਟੇ ਇਸ ਬੇਸਮੈਂਟ ਵਿਚ ਬਿਤਾਉਣੇ ਹਨ। ਲੇਖਕ ਨੇ ਇਹਦੇ ਲਈ 'ਚਾਰ ਨਾਰ ਜਾਂ ਚਾਰ ਮਰਦਾਂ ਦੀ ਚੌਂਕੜੀ ਵਾਲੀ ਤਕਨੀਕ ਅਪਨਾਈ ਹੈ।' ਇਨ੍ਹਾਂ ਕੁਝ ਘੰਟਿਆਂ ਵਿਚ ਬੀਤੇ ਸਮੇਂ ਦੇ ਪ੍ਰੇਮ ਕਿੱਸੇ ਬੜੀ ਬੇਬਾਕੀ ਨਾਲ ਸੁਣਾਏ ਜਾਣੇ ਹਨ ਤੇ ਨਾਲ ਨਾਲ ਉਨ੍ਹਾਂ 'ਤੇ ਟੀਕਾ ਟਿੱਪਣੀਆਂ ਵੀ ਕੀਤੀਆਂ ਜਾਣੀਆਂ ਹਨ। ਏਸੇ ਸਮੇਂ ਵਿਚ ਨਾਵਲ ਨੇ ਲੰਮੀ ਚੌੜੀ ਸਪੇਸ ਵਿਚ ਫੈਲ ਕੇ ਕਥਾ ਵਿਚਲੀਆਂ ਧੁਨੀਆਂ ਤੇ ਪ੍ਰਤੀ-ਧੁਨੀਆਂ ਨੂੰ ਕੁਰੇਦਣਾ ਹੈ ਤਾਂ ਜੋ ਨਾਵਲ ਦਾ ਉਦੇਸ਼ ਪੂਰਾ ਹੋ ਸਕੇ। ਦੂਜੀ ਗੱਲ ਨਾਵਲ ਨੇ ਵਸਤੂ ਸੰਸਾਰ ਦੇ ਟਾਇਮ ਜੋਨ ਵਿਚ ਨਹੀਂ ਸਗੋਂ ਗਲਪੀ ਸੰਸਾਰ ਦੇ ਟਾਇਮ ਜੋਨ ਵਿਚ ਵਿਚਰਨਾ ਹੈ, ਇਸ ਲਈ ਭਾਵੇਂ ਕਿੱਸੇ ਕੈਨੇਡਾ ਦੀ ਇਕ ਬੇਸਮੈਂਟ ਵਿਚ ਸੁਣਾਏ ਜਾਣੇ ਹਨ ਪਰ ਇਨ੍ਹਾਂ ਦੀ ਵਾਪਰਨ ਭੂਮੀ ਪੰਜਾਬ ਦੇ ਵੱਖ-ਵੱਖ ਇਲਾਕੇ ਹਨ। ਇਸ ਕਰਕੇ ਇਨ੍ਹਾਂ ਨੇ ਇੰਟਰਨੈੱਟ ਵਾਂਗ ਕੈਨੇਡਾ ਤੋਂ ਪੰਜਾਬ ਦੀ ਲੋਕੇਲ ਤੇ ਇਸ ਲੋਕੇਲ ਤੋਂ ਕੈਨੇਡਾ ਤੱਕ ਦਾ ਸਫ਼ਰ ਤੈਅ ਕਰਨਾ ਹੈ।

ਇਸ ਨਾਵਲ ਵਿਚ ਔਰਤ-ਮਰਦ ਦੇ ਭਾਵੁਕ, ਜਿਸਮਾਨੀ ਤੇ ਵਿਹਾਰਕ ਰਿਸ਼ਤਿਆਂ ਦੀਆਂ ਪਰਤਾਂ ਖੋਲ੍ਹੀਆਂ ਗਈਆਂ ਹਨ। ਪਹਿਲੀ ਪਰਤ ਵਿਚ ਪ੍ਰਵਾਸੀ ਔਰਤ ਦੀ ਅਜ਼ਾਦੀ ਦੇ ਮਸਲੇ ਨੂੰ ਛੋਹਿਆ ਹੈ। ਇਹ ਅਜ਼ਾਦੀ ਬੇਗਾਨੀ ਧਰਤੀ ਤੇ ਸਭਿਆਚਾਰ ਦੇ ਖੁਲ੍ਹੇ-ਡੁਲ੍ਹੇ ਮਾਹੌਲ ਵਿਚ ਹੀ ਸੰਭਵ ਹੈ ਜੋ ਪਿੱਤਰੀ ਸੱਤਾ ਦੇ ਦਾਬੇ ਤੋਂ ਮੁਕਤ ਹੈ-

- ਇਹ ਮੇਲਾ ਕਾਹਦਾ ਆਉਂਦਾ ਹੈ, ਜ਼ਿੰਦਗੀ ਦੀ ਰੁਟੀਨ ਤੇ ਸ਼ਿਫਟਾਂ ਲਾ ਲਾ ਅੱਕੀਆਂ ਬੀਬੀਆਂ ਨੂੰ ਆਪਣੇ ਘਰ ਤੇ ਘਰ-ਵਾਲਿਆਂ ਤੋਂ ਅਜ਼ਾਦ ਹੋ ਕੇ ਇਕ ਦਿਨ ਆਪਣੀ ਮਰਜ਼ੀ ਨਾਲ ਜੀਣ ਦਾ ਮੌਕਾ ਮਿਲ ਜਾਂਦਾ ਹੈ। ਫਿਰ ਲਾਹ ਕੇ ਗਲੋਂ ਮਰਦਾਂ ਦਾ ਜੂਲਾ ਉਹ ਆਪ ਮਰਦ ਬਣ ਜਾਂਦੀਆਂ ਹਨ। ਤੇ ਕਈ ਤਾਂ ਉਹ ਵੀ ਕਰਦੀਆਂ ਹਨ, ਜੋ ਕਬੱਡੀ ਦੇ ਟੂਰਨਾਮੈਂਟਾਂ ਤੇ ਮਰਦਾਂ ਦੇ ਹੋਰ ਪ੍ਰੋਗਰਾਮਾਂ ਵੇਲੇ


www.sanvad.org
ISSN : 2395-1273

ਮਰਦ ਕਰਦੇ ਹਨ। ਮੇਲੇ ਵਾਲੇ ਥਾਂ ਦੇ ਲੇਡੀਜ਼ ਵਾਸ਼ਰੂਮਾਂ ਵਿਚੋਂ ਖਾਲ੍ਹੀ ਅੱਧੀਏ ਤੇ ਪਊਏ ਲੱਭਦੇ ਹਨ। ਕੁਝ ਮਹੀਨੇ ਪਹਿਲਾਂ ਏਸੇ ਤਰ੍ਹਾਂ ਦਾ ਇਕ ਜਨਾਨਾ ਮੇਲਾ ਇਸ ਕਰਕੇ ਖਬਰਾਂ ਵਿਚ ਰਿਹਾ ਕਿ ਮਸਤੀਆਂ ਹੋਈਆਂ ਬੀਬੀਆਂ ਨੇ ਇਕ ਨਵੇਂ ਤੇ ਸੋਹਣੀ ਸ਼ਕਲ ਵਾਲੇ ਗਾਇਕ ਨੂੰ ਸਟੇਜ ਤੋਂ ਹੇਠਾਂ ਖਿੱਚ ਲਿਆ ਤੇ ਉਹਦੇ ਕਪੜੇ ਪਾੜ ਸੁੱਟੇ।

ਏਥੇ ਅਜ਼ਾਦੀ ਦੇ ਨਾਂ ’ਤੇ ਔਰਤਾਂ ਮਰਦਾਂ ਵਾਂਗ ਹੀ ਬੀਹੇਵ ਕਰਦੀਆਂ ਹਨ। ਦਰਅਸਲ ਇਹ ਪ੍ਰਤੀਰੋਧ ਦੀ ਧੁਨੀ ਹੈ, ਜੋ ਪੱਛਮ ਵਿਚ ਨਾਰੀਵਾਦ ਦੇ ਉਦੇ ਹੋਣ ਨਾਲ ਪੈਦਾ ਹੋਈ। ਇਸ ਰਾਹੀਂ ਪਿੱਤਰੀ ਸੱਤਾ ਤੇ ਉਹਦੇ ਰਾਹੀਂ ਔਰਤਾਂ ਨੂੰ ਜਿਹੜੇ ਚਿੰਨ੍ਹ ਦਿੱਤੇ ਗਏ ਉਨ੍ਹਾਂ ਦਾ ਸੁਚੇਤ ਪੱਧਰ ’ਤੇ ਤਿਆਗ ਕੀਤਾ ਗਿਆ। ਇਹ ਪ੍ਰਤਿਰੋਧ ਵੀ ਪੱਛਮ ਦੀ ਅਜ਼ਾਦ ਫ਼ਿਜ਼ਾ ਵਿਚ ਸੰਭਵ ਸੀ। ਓਥੇ ਔਰਤ ’ਤੇ ਸਭਿਆਚਾਰਕ ਪਾਬੰਦੀਆਂ ਨਹੀਂ ਥੋਪੀਆਂ ਜਾਂਦੀਆਂ। ਉਨ੍ਹਾਂ ਦਾ ਸਿਧਾਂਤ ਹੈ-

- ਕਿਵੇਂ ਜੰਮਣੈ, ਕਿਥੇ ਜੰਮਣੈ... ਇਹ ਚੋਣ ਸਾਡੇ ਹੱਥ ਵੱਸ ਨਹੀਂ ਹੁੰਦੀ। ਪਰ ਕਿਵੇਂ ਜਿਊਂਣੈ, ਕਿਉਂ ਜਿਊਂਣੈ ਤੇ ਕਿਥੇ ਜਿਊਂਣੈ... ਇਹ ਚੋਣ ਅਸੀਂ ਕਰ ਸਕਦੇ ਹਾਂ। ਅਸਲ ਵਿਚ ਇਹੀ ਚੋਣ ਹੈ ਜਿਹੜੀ ਬੰਦੇ ਦੀ ਜ਼ਿੰਦਗੀ ਨੂੰ ਡਿਫਾਈਨ ਕਰਦੀ ਐ। ਹਰੇਕ ਬੰਦੇ ਦੀ ਪਰਸਨਲ ਚੋਣ ਹੁੰਦੀ ਐ, ਹੋਣੀ ਚਾਹੀਦੀ ਐ। ਹੋਰ ਤੁਹਾਨੂੰ ਕੁਝ ਆਉਂਦਾ ਹੋਵੇ ਜਾਂ ਨਾ, ਇਹ ਚੋਣ ਕਰਨ ਦੀ ਜਾਚ ਜ਼ਰੂਰ ਆਉਣੀ ਚਾਹੀਦੀ ਐ।’

ਏਥੇ ਇਕ ਗੋਰੀ ਔਰਤ ਦੇ ਖੁਲ੍ਹੇਪਣ ਨੂੰ ਵੀ ਮਰਦ ਦੀਆਂ ਕਮੀਨੀਆਂ ਸੋਚਾਂ ਤੇ ਗੁਪਤ ਮੰਸ਼ਾਵਾਂ ਦੇ ਪ੍ਰਸੰਗ ਵਿਚ ਉਧੇੜਿਆ ਜਾਂਦਾ ਹੈ। ਮੁੱਦਾ ਸਿਰਫ਼ ਏਨਾ ਹੈ ਕਿ ਗੋਰੀ ਪੈਂਤੀ ਵਰ੍ਹਿਆਂ ਦੀ ਸਿੰਗਲ ਮਦਰ ਹੈ ਜੋ ਸ਼ਕਲੋਂ ਸੂਰਤੋਂ ਵਾਹਵਾ ਹੈ ਤੇ ਕਮਲਜੀਤ ਦੀ ਕੰਪਨੀ ਵਿਚ ਡਿਸਪੈਚਰ ਹੈ। ਇਕ ਦਿਨ ਉਹ ਦਫ਼ਤਰ ਦੀ ਇਕੱਲਤਾ ਵਿਚ ਕਮਲਜੀਤ ਦੀ ਬਾਂਹ ਵਿਚ ਬਾਂਹ ਪਾ ਲੈਂਦੀ ਹੈ, ਪਰ ਉਹ ਅੱਗੋਂ ਹੱਸ ਕੇ ਟਾਲ ਦੇਂਦਾ ਹੈ। ਉਹ ਬੜੇ ਅੰਦਾਜ਼ ਨਾਲ ਮੁਸਕਰਾ ਕੇ ਕਹਿੰਦੀ ਹੈ - ‘ਯੂ ਆਰ ਏ ਜੈਂਟਲਮੈਨ ਮਿਸਟਰ ਸਿੰਘ।’

ਕਮਲਜੀਤ ਪਹਿਲਾ ਪਾਤਰ ਹੈ ਜੋ ਆਪਣੀ ਪ੍ਰੇਮ ਕਹਾਣੀ ਸੁਣਾਉਂਦਾ ਹੈ। ਉਹ ਵੈਟਨਰੀ ਡਾਕਟਰ ਹੈ। ਇੰਡੀਆ ਵਿਚ ਦਿੱਲੀ ਨੂੰ ਜਾਂਦੀ ਸ਼ਾਹ-ਸੜਕ ’ਤੇ ਉਨ੍ਹਾਂ ਦੇ ਪਰਿਵਾਰ ਦੀ ਵੱਡੀ ਸਾਰੀ ਹਵੇਲੀ ਹੈ। ਪਰ ਕੈਨੇਡਾ ਆ ਕੇ ਉਹ ਟਰੱਕ ਚਲਾਉਂਦਾ ਹੈ। ਉਹਦੀ ਪ੍ਰੇਮ ਕਥਾ ਅੱਲ੍ਹੜਪੁਣੇ ਤੋਂ ਸ਼ੁਰੂ ਹੁੰਦੀ ਹੈ। ਇਸ ਕਥਾ ਵਿਚ ਪਿਆਰ ਲਈ ‘ਧੁੱਪ’ ਦਾ ਚਿਹਨ ਬੜਾ ਪਾਵਰਫੁੱਲ ਹੈ। ਧੁੱਪ ਨੂੰ ਚੜ੍ਹਦੀ ਜਵਾਨੀ ਦੇ ਚਿਹਨ ਵਿਚ ਰੂਪਾਂਤ੍ਰਿਤ ਕੀਤਾ ਗਿਆ ਹੈ। ਧੁੱਪ ਵਿਚ ਅੱਗ ਵੀ ਹੈ, ਸੇਕ ਵੀ ਤੇ ਸਾੜ ਦੇਣ ਦੀ ਪ੍ਰਵਿਰਤੀ ਵੀ। ਧੁੱਪ ਫਰਟਿਲਿਟੀ ਦਾ ਵੀ ਚਿਹਨ ਹੈ, ਜਿਸਨੂੰ ਡਿਜ਼ਾਇਰ ਨਾਲ ਜੋੜਿਆ ਗਿਆ ਹੈ। ਇਸ ਚਿਹਨ ਦੀਆਂ ਡਾਈਮੈਂਸ਼ਨਜ ਦੇਖੀਆਂ ਜਾ ਸਕਦੀਆਂ ਹਨ-

- ਧੁੱਪ ਦਾ ਕੋਈ ਰੰਗ ਨਹੀਂ ਹੁੰਦਾ। ਪਰ ਇਹ ਸਿਰਫ਼ ਉਹ ਜਾਣਦਾ ਸੀ, ਉਸ ਧੁੱਪ ਦਾ ਇਕ ਰੰਗ ਵੀ ਸੀ ਤੇ ਰੂਪ ਵੀ। ਪੀਲੇ ਜਿਹੇ ਰੰਗ ਦੀ ਉਹ ਧੁੱਪ ਸਿਰਫ਼ ਉਹਦੇ ਬਾਹਰ ਹੀ ਨਹੀਂ, ਅੰਦਰ ਤੱਕ ਵੀ ਫੈਲੀ ਹੋਈ ਸੀ।
- ਡੌਂਗੀਟੇਲ ਦੇ ਘਰ ਨੰਬਰ 55 ਪੰਜਾਬ ਦੇ ਇਕ ਪਿੰਡ ਵਿਚੋਂ ਚੇਤਰ ਮਹੀਨੇ ਦੀ ਪੀਲੀ ਧੁੱਪ ਅਨ-ਆਥੋਰਾਈਜ਼ਡ ਢੰਗ ਨਾਲ਼ ਡਾਊਨਲੋਡ ਹੋਣ ਲੱਗੀ ਸੀ।
- ਧੁੱਪ ਮੇਰੇ ਚੇਤਿਆਂ ਵਿਚ ਸੁਲਗਦੀ ਰਹਿੰਦੀ। ਮੇਰਾ ਇਸ ਧੁੱਪ ਨਾਲ, ਇਸਦੇ ਰੰਗ ਬਦਲਣ ਨਾਲ ਇਕ ਰਿਸ਼ਤਾ ਸੀ।
- ਮੈਂ ਛਾਂ ਵਿਚ ਬੈਠਾ ਹੁੰਦਾ ਸਾਂ। ਪਰ ਮੈਂ ਸਮਝ ਲੈਂਦਾ ਕਿ ਮੈਂ ਧੁੱਪ ਵਿਚ ਬੈਠਾ ਹੋਇਆ ਹਾਂ।
- ਮੈਂ ਉਮਰ ਦੇ ਜਿਸ ਦੌਰ ਵਿਚੋਂ ਲੰਘ ਰਿਹਾ ਸਾਂ, ਉਸ ਦੌਰ ਵਿਚ ਰਿਸ਼ਤੇ ਧੁੱਪ ਨਾਲ ਹੀ ਬਣ ਸਕਦੇ ਹੁੰਦੇ ਨੇ, ਛਾਂ ਨਾਲ ਨਹੀਂ।
- ਮੈਂ ਧੁੱਪ ਹੇਠਾਂ ਆਪਣਾ ਪੂਰਾ ਜਿਸਮ ਸੁੱਟ ਦੇਂਦਾ।
- ਹਰ ਰੋਜ਼ ਧੁੱਪ ਮੇਰੇ ਅੰਦਰ ਚੜ੍ਹਦੀ। ਸਗੋਂ ਇਕ ਦਿਨ ਧੁੱਪ ਮੇਰੇ ਅੰਦਰ ਆ ਕੇ ਹੋਰ ਉਲਝ ਗਈ ਜਾਂ ਇਸ ਤਰ੍ਹਾਂ ਕਹੋ ਕੇ ਮੈਲੀ ਹੋ ਗਈ।

ਇਸ ਤਰ੍ਹਾਂ ਧੁੱਪ ਦੇ ਇਹ ਚਿਹਨ ਕਥਾ ਦੀ ਗਤੀਸ਼ੀਲਤਾ ਦੇ ਹਨ। ਇਨ੍ਹਾਂ ਰਾਹੀਂ ਸਾਰੀ ਕਥਾ ਦੇ ਮੋਟਿਫ਼ ਉਸਾਰੇ ਗਏ ਹਨ। ਅੱਲ੍ਹੜ ਉਮਰੇ ਸਕੂਲ ਵਿਚ ਪੜ੍ਹਦੇ ਇਕ ਮੁੰਡੇ ਦਾ ‘ਡ੍ਰੀਮ ਗਰਲ’ ਫਿਲਮ ਦੇਖਣਾ, ਉਹਦੇ ਕਾਮੁਕ ਸੀਨਾਂ ਵਿਚ ਉਲਝ ਕੇ ਔਰਤ ਦੀ ਇੱਛਾ ਜਾਗਣਾ ਤੇ ਮੁੜ-ਮੁੜ ਫਿਲਮ ਦੇ ਕਾਮੁਕ ਸੀਨਾਂ ਦਾ ਸਿਮਰਤੀ ਵਿਚ

ਲਹਿ ਜਾਣਾ, ਅੱਲ੍ਹੜ ਉਮਰ ਦੇ ਕਿਸ਼ੋਰ ਨੂੰ ਬਰਬਾਦ ਕਰਦਾ ਹੈ। ਮਨ ਦੀ ਅਵਸਥਾ ਵਿਚ ਜਿਥੇ ਔਰਤ ਸਿਰਫ਼ ਮਾਂ ਜਾਂ ਭੈਣ ਜਾਂ ਇਹੋ ਜਿਹੇ ਰਿਸ਼ਤਿਆਂ ਦੇ ਰੂਪ ਵਿਚ ਟਿਕੀ ਹੁੰਦੀ ਹੈ, ਓਥੇ ਔਰਤ ਦੇ ਰੂਪ ਵਿਚ ਆ ਕੇ ਸੋਚਾਂ ਵਿਚ ਖਲਲ ਪਾ ਦੇਂਦੀ ਹੈ। ਇਸ ਫਿਲਮ ਦੇ ਪ੍ਰਭਾਵ ਕਰਕੇ ਇਹ ਸਾਰੇ ਰਿਸ਼ਤੇ ਧੁੰਧਲੇ ਪੈ ਜਾਂਦੇ ਹਨ। ਇੱਛਾ ਕਾਮਨਾ ਦਾ ਰੂਪ ਧਾਰ ਕੇ ਔਰਤ ਦੀ ਦੇਹ ’ਤੇ ਕੇਂਦਰਿਤ ਹੋ ਜਾਂਦੀ ਹੈ -

- ਕਿਸੇ ਔਰਤ ਦੇ ਜਿਸਮ ਨਾਲ ਮੇਰੀ ਇਹ ਪਹਿਲੀ ਪਛਾਣ ਸੀ। ਹੁਣ ਤੱਕ ਮੈਂ ਔਰਤਾਂ ਨੂੰ ਬੁਰਕਿਆਂ ਵਰਗੇ ਭਾਰੇ ਭਾਰੇ ਪਹਿਰਾਵੇ ਵਿਚ ਹੀ ਦੇਖਿਆ ਸੀ। ਕਪੜੇ ’ਤੇ ਕਪੜਾ। ਵੱਟ ਅਤੇ ਤੈਹਾਂ। ਅੱਜ ਮੈਨੂੰ ਪਤਾ ਲੱਗਿਆ ਕਪੜਿਆਂ ਹੇਠ ਔਰਤ ਦਾ ਜਿਸਮ ਵੀ ਹੁੰਦਾ ਹੈ। ਅੱਜ ਮੈਨੂੰ ਪਤਾ ਲੱਗਿਆ ਔਰਤ ਪੱਟ ਤੋਂ ਵੀ ਸ਼ੁਰੂ ਹੁੰਦੀ ਹੈ। ਵਰਨਾ ਇਸ ਤੋਂ ਪਹਿਲਾਂ ਤਾਂ ਮੈਨੂੰ ਲੱਗਦਾ ਸੀ ਕਿ ਉਹ ਚੇਹਰੇ ਤੋਂ ਸ਼ੁਰੂ ਹੋ ਕੇ ਚੇਹਰੇ ’ਤੇ ਹੀ ਖਤਮ ਹੋ ਜਾਂਦੀ ਹੈ। ਅਚਾਨਕ ਮੇਰੇ ਅੰਦਰ ਮੇਰੇ ਵ੍ਹੇੜੇ ਦੀ ਧੁੱਪ ਉਤਰਨ ਲੱਗੀ ਤੇ ਮੇਰਾ ਪਿੰਡਾ ਭਖਣ ਲੱਗਾ। ਹਾਲ ਅੰਦਰ ਘੁੱਪ ਹਨੇਰਾ ਸੀ ਪਰ ਮੈਂ ਸੜ ਰਿਹਾ ਸਾਂ ਆਪਣੇ ਵ੍ਹੇੜੇ ਦੀ ਪੀਲੀ ਪੀਲੀ ਧੁੱਪ ਵਿਚ।

ਏਸੇ ਦੌਰਾਨ ਉਹਦਾ ਸੰਬੰਧ ਰਾਣੀ ਨਾਂ ਦੀ ਇਕ ਕੁਦੇਸਣ ਨਾਲ ਬਣਦਾ ਹੈ, ਜੋ ਉਨ੍ਹਾਂ ਦੇ ਘਰ ਨੌਕਰਾਣੀ ਵਜੋਂ ਕੰਮ ਕਰਦੀ ਹੈ। ਉਹ ਇਕ ਮੁੰਡੇ ਨੂੰ ਪਿਆਰ ਕਰਦੀ ਸੀ ਤੇ ਅੱਲ੍ਹੜ ਉਮਰੇ ਉਸ ਨਾਲ ਭੱਜ ਕੇ ਆਈ ਹੈ ਜੋ ਉਹਨੂੰ ਵਰਤ ਕੇ ਅੱਗੋਂ ਵੇਚ ਦੇਂਦਾ ਹੈ। ਉਹ ਅੱਗੋਂ ਇਕ ਥਾਣੇਦਾਰ ਦੇ ਹੱਥੇ ਚੜ੍ਹ ਜਾਂਦੀ ਹੈ, ਜੋ ਪਹਿਲਾਂ ਤਾਂ ਉਹਨੂੰ ਵਰਤਦਾ ਹੈ, ਘਰ ਪਤਾ ਲੱਗਣ ’ਤੇ ਉਹਨੂੰ ਵੇਚਣ ਦਾ ਮਨ ਬਣਾ ਲੈਂਦਾ ਹੈ। ਔਰਤ ਪ੍ਰਤੀ ਉਹ ਸਿਰੇ ਦਾ ਬਦਨੀਤਾ ਦਿਖਾਇਆ ਹੈ। ਕਮਲਜੀਤ ਦੀ ਚਾਚੀ ਨਾਲ ਵੀ ਥਾਣੇਦਾਰ ਦੇ ਸਰੀਰਕ ਸਬੰਧ ਹਨ, ਹਾਲਾਂਕਿ ਉਹ ਉਹਨੂੰ ਭੈਣ ਕਹਿੰਦਾ ਹੈ ਤੇ ਬੱਚੇ ਉਹਨੂੰ ਮਾਮਾ ਕਹਿੰਦੇ ਹਨ, ਪਰ ਇਲਾਕੇ ਵਿਚ ਉਹ ‘ਝੋਟੇ ਕੁੱਟ’ ਦੇ ਨਾਂ ਨਾਲ ਮਸ਼ਹੂਰ ਹੈ।

ਕਮਲਜੀਤ ਲਈ ਔਰਤ ਕੰਪਲੈਕਸ ਬਣ ਜਾਂਦੀ ਹੈ। ਉਹ ਸੋਚਦੈ -

> ‘ਜਦੋਂ ਤੱਕ ਅੰਦਰ ਧੁੱਪ ਹੈ, ਬਾਹਰ ਦੀ ਛਾਂ ਦੇ ਕੋਈ ਅਰਥ ਨਹੀਂ। ਇਕ ਇਹ ਕਿ ਧੁੱਪ ਤੋਂ ਬਚਣ ਦਾ ਸਭ ਤੋਂ ਸੌਖਾ ਢੰਗ ਹੈ ਕਿ ਧੁੱਪ ਦੇ ਹੋਰ ਨੇੜੇ ਜਾਇਆ ਜਾਵੇ। ਸੋ ਮੈਂ ਧੁੱਪ ਨਾਲ ਦੋਸਤੀ ਕਰਨ ਦਾ ਫੈਸਲਾ ਕਰ ਲਿਆ। ਆਖਰ ਤੁਸੀਂ ਧੁੱਪ ਤੋਂ ਬਚ ਵੀ ਕਿਵੇਂ ਸਕਦੇ ਹੋ ?’

ਜਦੋਂ ਉਹ ਧੁੱਪ ਨਾਲ ਦੋ-ਦੋ ਹੱਥ ਕਰਨ ਦਾ ਫ਼ੈਸਲਾ ਕਰਦਾ ਹੈ ਤਾਂ ਉਹ ਅੱਲ੍ਹੜਪੁਣੇ ’ਚੋਂ ਮਰਦ ਬਣ ਜਾਂਦਾ ਹੈ। ਜਦੋਂ ਉਹਦੀ ਮਾਂ ਕਹਿੰਦੀ ਹੈ, ਤੇਰੀ ਪੁਲਾਂਘ ਵੱਡੀ ਹੋ ਗਈ ਹੈ। ਤੇਰੀ ਗਰਾਹੀ ਵੱਡੀ ਹੋ ਗਈ ਹੈ, ਤੇਰੇ ਗਲੇ ਦਾ ਉਭਾਰ ਵੱਡਾ ਹੋ ਗਿਐ, ਤੇਰਾ ਗੱਲ ਕਹਿਣ ਤੇ ਸੁਨਣ ਦਾ ਅੰਦਾਜ਼ ਵੱਡਾ ਹੋ ਗਿਐ। ਹੁਣ ਉਹਦੇ ਲਈ ਔਰਤ ਸਿਰਫ਼ ਔਰਤ ਸੀ ਜਿਸ ਦੇ ਚੇਹਰੇ ਦੇ ਕੁਝ ਇੰਚ ਹੇਠਾਂ ਕਰਕੇ ਦੋ ਵੱਡੇ ਅਕਾਰ ਦੇ ਮਾਸ ਦੇ ਉਭਾਰ ਸਨ, ਜਿਨ੍ਹਾਂ ਪਿਛੇ ਅੱਗ ਬਲਦੀ ਸੀ।

ਥਾਣੇਦਾਰ ਉਨ੍ਹਾਂ ਦੇ ਅਮਲੀ ਸੀਰੀ ਨਾਲ ਸੌਦਾ ਕਰਕੇ ਰਾਣੀ ਨੂੰ ਵੇਚ ਦੇਂਦਾ ਹੈ ਤੇ ਇੰਜ ਉਹ ਅਮਲੀ ਦੇ ਲੜ ਲੱਗ ਜਾਂਦੀ ਹੈ, ਜੋ ਸਰੀਰਕ ਪੱਖੋਂ ਕਮਜ਼ੋਰ ਹੈ। ਉਹਦੇ ਤੋਂ ਤੰਗ ਆ ਕੇ ਉਹ ਸੂਸਾਈਡ ਕਰਨ ਦੀ ਕੋਸ਼ਿਸ਼ ਕਰਦੀ ਹੈ। ਉਹਦੇ ਬੋਲਾਂ ਵਿਚ ਔਰਤ ਦੀ ਤ੍ਰਾਸਦੀ ਲੁਕੀ ਹੋਈ ਹੈ- ‘ਮਰ ਜਾਤੀ ਤਾਂ ਮਰ ਜਾਤੀ। ਯੇਹ ਬੀ ਕੋਈ ਸ਼ਾਦੀ ਹੈ। ਯੇ ਬੀ ਕੋਈ ਮਰਦ ਹੈ। ਇਸ ਸੇ ਤੋ ਕਾਕਾ ਹੀ ਅੱਛਾ ਥਾ।’

ਏਥੇ ਲੇਖਕ ਕਿੱਸਾਕਾਰੀ ਵਾਲੀ ਤਕਨੀਕ ‘ਕਲਾਮ ਸ਼ਾਇਰ’ ਵਾਂਗ ਕਥਾ ਰੋਕ ਕੇ ਭਾਰਤੀ ਔਰਤ ਦੀ ਰਾਣੀ ਦੇ ਹਵਾਲੇ ਨਾਲ ਤ੍ਰਾਸਦਿਕ ਵੇਦਨਾ ਨੂੰ ਲੰਮੇ ਚੌੜੇ ਵਿਸਥਾਰ ਰਾਹੀਂ ਪੇਸ਼ ਕਰਦਾ ਹੈ -

> ਰਾਣੀ ਨਾਲ ਜੋ ਹੋ ਰਿਹਾ ਸੀ, ਉਹ ਮੇਰੇ ਲਈ ਨਵਾਂ ਨਹੀਂ ਸੀ। ਉਸ ਖੇਤੀ ਪ੍ਰਧਾਨ ਸਮਾਜ ਦਾ ਇਹ ਆਮ ਵਰਤਾਰਾ ਸੀ। ਪਤਾ ਨਹੀਂ ਕਿੰਨੇ ਹੱਥਾਂ ਵਿਚ ਵਿਕ ਕੇ ਅਜਿਹੀਆਂ ਪੂਰਬਣਾਂ ਰੁਲਦੀਆਂ ਖੁਲਦੀਆਂ ਪੰਜਾਬ ਆਉਂਦੀਆਂ। ਇੱਟਾਂ-ਵੱਟਿਆਂ ਦੇ ਭਾਅ ਤੁਲਦੀਆਂ। ਬਿਮਾਰ ਮੱਝਾਂ-ਗਊਆਂ ਤੇ ਮੁਰਗੀਆਂ ਵਾਂਗ ਉਨ੍ਹਾਂ ਦੇ ਸੌਦੇ ਹੁੰਦੇ। ਬੇਸ਼ਰਮੀ ਨਾਲ ਟੋਹ ਟੋਹ ਵੇਖੀਆਂ ਜਾਂਦੀਆਂ। ਸੂਏ ਗਿਣੇ ਜਾਂਦੇ। ਅੱਗੇ-ਪਿਛੇ ਦਾ ਭਾਰ ਦਸਿਆ ਜਾਂਦਾ। ਹੁੰਦਾ ਵੀ ਇਹ ਸਭ ਕੁਝ ਉਨ੍ਹਾਂ ਦੇ ਸੁਣਦਿਆਂ-ਵੇਖਦਿਆਂ। ਦੋ ਤਿੰਨ ਸੌਦਿਆਂ ਵਿਚ ਉਨ੍ਹਾਂ ਦੇ ਅੰਦਰ ਬਾਹਰ ਸਭ ਕੁਝ ਮਰ ਜਾਂਦਾ। ਔਰਤ ਤਾਂ ਕੀ, ਇਨਸਾਨ ਹੋਣ ਦਾ ਅਹਿਸਾਸ ਮੁੱਕ ਜਾਂਦਾ ਤੇ ਉਹ ਬੇ-ਜ਼ਬਾਨ ਪਸ਼ੂਆਂ ਵਾਂਗ ਨਿੱਤ ਵਿਕਣ ਨੂੰ ਆਪਣਾ ਭਾਣਾ ਮੰਨ ਲੈਂਦੀਆਂ। ਤੁਰ ਪੈਂਦੀਆਂ ਇਕ ਕਿੱਲੇ ਤੋਂ ਦੂਜੇ ਕਿੱਲੇ ਵੱਲ।ਘਰਾਂ ਵਿਚ ਆ ਕੇ ਕਿਹੜਾ ਉਨ੍ਹਾਂ ਨੂੰ ਮੁਕਤੀ ਪ੍ਰਾਪਤ ਹੁੰਦੀ। ਰੱਜ ਕੇ ਚੋਈਆਂ ਜਾਂਦੀਆਂ। ਵਕਤ ਦੀਆਂ


www.sanvad.org
ISSN : 2395-1273

ਮਾਰੀਆਂ ਉਹ ਘਰਾਂ ਦੇ ਕੰਮ ਆਉਂਦੀਆਂ। ਘਰਵਾਲੀਆਂ ਦੇ ਕੰਮ ਆਉਂਦੀਆਂ। ਰਾਤ-ਬਰਾਤੇ ਉਨ੍ਹਾਂ ਦੇ ਘਰਵਾਲਿਆਂ ਦੇ ਕੰਮ ਆਉਂਦੀਆਂ ਤੇ ਫਿਰ ਕੁਝ ਸਾਲਾਂ ਬਾਅਦ ਕਿਸੇ ਕੰਮ ਦੀਆਂ ਨਾ ਰਹਿੰਦੀਆਂ। ਮਰ ਜਾਂਦੀਆਂ ਬਿਮਾਰੀਆਂ ਨਾਲ। ਬਹੁਤੀਆਂ ਤਾਂ 'ਕੰਮ ਤੇ ਕਾਮ' ਕਰਦੀਆਂ ਚੰਗੀ ਤਰ੍ਹਾਂ ਨਿਚੋੜ ਕੇ ਅਗਾਂਹ ਤੋਂ ਅਗਾਂਹ ਤੁਰਦੀਆਂ ਇਕ ਦਿਨ ਪਤਾ ਨਹੀਂ ਕਿਥੇ ਗੁਆਚ ਜਾਂਦੀਆਂ।

ਔਰਤ ਦੀ ਇਹ ਤ੍ਰਾਸਦੀ ਹੈ ਕਿ ਉਸਨੂੰ ਵਿਕਣ ਦੇ ਬਾਵਜੂਦ ਕਿਸੇ ਰਿਸ਼ਤੇ ਦੀ ਹੋਣੀ ਨਸੀਬ ਨਹੀਂ ਹੁੰਦੀ। ਕਮਲਜੀਤ ਵੀ ਕਾਕਿਆਂ ਵਾਂਗ ਔਰਤ ਨੂੰ ਭੋਗਣਹਾਰੀ ਵਸਤ ਵਾਂਗ ਭੋਗਦਾ ਹੈ, ਪਰ ਉਸਨੂੰ ਕਿਸੇ ਰਿਸ਼ਤੇ ਦੇ ਫਰੇਮ ਵਿਚ ਫਿੱਟ ਨਹੀਂ ਕਰਦਾ। ਉਹ ਕਹਿੰਦਾ ਹੈ- 'ਮੈਂ ਕਦੇ ਇਸ ਰਿਸ਼ਤੇ ਨੂੰ ਨਾਂ ਦੇਣ ਦੀ ਕੋਸ਼ਿਸ਼ ਨਹੀਂ ਕੀਤੀ, ਕਰਾਂਗਾ ਵੀ ਨਹੀਂ । ਨਾਂ ਦੇ ਦਿਓ ਤਾਂ ਕਈ ਵਾਰ ਕਈ ਰਿਸ਼ਤੇ ਅਰਥ ਗੁਆ ਬੈਠਦੇ ਹਨ।' ਇਸ ਤਰ੍ਹਾਂ ਬੇਨਾਮੇ ਰਿਸ਼ਤਿਆਂ ਦੀ ਧੁੱਪ ਹੌਲੀ-ਹੌਲੀ ਲਹਿ ਜਾਂਦੀ ਹੈ ਤੇ ਰਹਿ ਜਾਂਦੇ ਹਨ ਯਾਦਾਂ ਦੇ ਪਰਛਾਵੇਂ।

ਦੂਜੀ ਕਥਾ ਜਗਵਿੰਦਰ ਦੀ ਹੈ। ਅੱਲ੍ਹੜ ਉਮਰੇ ਉਹਨੂੰ ਇਕ ਕੁੜੀ ਸੁਖਜਿੰਦਰ ਮਿਲਦੀ ਹੈ। ਉਨ੍ਹਾਂ ਦੋਹਾਂ ਵਿਚ 'ਚੁੱਪ ਦਾ ਇਕ ਰਿਸ਼ਤਾ' ਬਣਦਾ ਹੈ। ਇਸ ਰਿਸ਼ਤੇ ਨੂੰ ਵੀ ਕੋਈ ਨਾਂ ਨਹੀਂ ਦਿੱਤਾ ਜਾ ਸਕਦਾ। ਇਸ ਰਿਸ਼ਤੇ ਦੀ ਸਪੇਸ ਨੂੰ ਭਰਨ ਲਈ 'ਹੜ੍ਹ' ਦਾ ਚਿਹਨ ਵਰਤਿਆ ਗਿਆ ਹੈ। ਕਥਾਕਾਰ ਕਹਾਣੀ ਸੁਣਾਉਂਦਾ ਹੈ ਕਿ ਉਹ ਪਿੰਡੋਂ ਪੜ੍ਹਨ ਲਈ ਮੋਗੇ ਆਪਣੇ ਤਾਏ ਕੋਲ ਜਾਂਦਾ ਹੈ। ਏਥੇ ਹੜ੍ਹ ਆ ਜਾਂਦਾ ਹੈ ਤੇ ਜਗਵਿੰਦਰ ਦੇ ਤਾਏ ਦੇ ਗੁਆਂਢ ਇਕ ਘਰ ਵਿਚ ਹੜ੍ਹ ਦਾ ਪਾਣੀ ਮਾਰ ਕਰ ਜਾਂਦਾ ਹੈ। ਸੁਖਜਿੰਦਰ ਦੇ ਘਰ ਵਾਲੇ ਆਪਣਾ ਸਮਾਨ ਲੈ ਕੇ ਜਗਵਿੰਦਰ ਦੇ ਤਾਏ ਦੇ ਘਰ ਆ ਜਾਂਦੇ ਹਨ। ਜਿੰਨੇ ਦਿਨ ਹੜ੍ਹ ਦਾ ਪਾਣੀ ਭਰਿਆ ਰਹਿੰਦਾ ਹੈ, ਉਨ੍ਹਾਂ ਦੋਹਾਂ ਵਿਚ 'ਚੁੱਪ ਦਾ ਰਿਸ਼ਤਾ' ਪਲਦਾ ਰਹਿੰਦਾ ਹੈ। ਹੜ੍ਹ ਦੀ ਮਾਰ ਤੇ ਚੁੱਪ ਦਾ ਚਿਹਨ ਏਥੇ ਉਸ ਸੰਭਾਵਨਾ ਦੇ ਲਖਾਇਕ ਹਨ ਜਿਸਨੇ ਅੱਗੇ ਜਾ ਕੇ ਪਿਆਰ ਦੇ ਮੋਟਿਫ਼ ਵਿਚ ਢਲਣਾ ਹੈ। ਇਸ ਚੁੱਪ ਦੇ ਰਿਸ਼ਤੇ ਵਿਚ ਪੌੜੀਆਂ ਵਿਚ ਹੋਏ ਮਿਲਣ ਤੇ ਚੁੰਮਣ ਦੇ ਵਕਫੇ ਨੂੰ ਲੇਖਕ 'ਸਤਿ ਸ੍ਰੀ ਅਕਾਲ' ਦਾ ਰਿਸ਼ਤਾ ਕਹਿੰਦਾ ਹੈ। ਉਹ ਚੁੱਪ, ਜਿਸ ਵਿਚ ਚੁੰਮਣ ਗੁਆਚ ਗਿਆ ਸੀ ਤੇ ਹੇਠੋਂ ਲਿਸ਼ਕ ਰਹੀ ਸੀ, ਇਕ ਸੋਨੇ ਰੰਗੀ 'ਸਤਿ ਸ੍ਰੀ ਅਕਾਲ'। ਇਸ ਹੜ੍ਹ ਦੀ ਆਫਤ ਵਿਚ ਲੇਖਕ ਔਰਤ ਨੂੰ 'ਗਲੋਰੀਫਾਈ' ਕਰਦਾ ਉਹਦੇ ਨਾਲ ਰਿਸ਼ਤਿਆਂ ਨੂੰ ਵੀ ਪਰਿਭਾਸ਼ਤ ਕਰਦਾ ਹੈ -

- ਇਕ ਪਤਲੀ ਜਿਹੀ ਕੁੜੀ ਰਹਿਣ ਲਈ ਆ ਗਈ ਤੇ ਸਾਰਾ ਵਿਹੜਾ ਭਰ ਗਿਆ। ਔਰਤ ਜ਼ਿੰਦਗੀ ਵਿਚ ਆਉਂਦੀ ਹੈ ਤਾਂ ਇਹੀ ਵਾਪਰਦਾ ਹੈ। ਬੰਦਾ ਆਪਣੀ ਅਜ਼ਾਦੀ ਗੁਆ ਬੈਠਦਾ ਹੈ, ਪਰ ਸਮਝਦਾ ਇਹੀ ਹੈ ਕਿ ਉਸ ਨੂੰ ਕੁਝ ਮਿਲ ਗਿਆ। ਤੁਹਾਨੂੰ ਪਤੈ ਔਰਤ ਬੰਦੇ ਦੀ ਜ਼ਿੰਦਗੀ ਵਿਚ ਕਿਓਂ ਆਉਂਦੀ ਹੈ? ਤਾਂ ਕਿ ਇਕ ਦਿਨ  ਉਹ ਜਾ ਸਕੇ। ਬੰਦੇ ਨੂੰ ਇਸ ਗੱਲ ਦਾ ਅਹਿਸਾਸ ਕਰਵਾ ਸਕੇ ਕਿ ਉਸਦੇ ਜਾਣ ਦੀ ਕੀ ਮਹੱਤਤਾ ਹੈ।
- ਉਹ ਜੋ ਸਾਰੀ ਉਮਰ ਨਾਲ ਰਹਿੰਦੀ ਹੈ, ਜਾਣ ਦੀ ਸੰਭਾਵਨਾ ਸਦਾ ਬਣਾਈ ਰੱਖਦੀ ਹੈ। ਆਹ ਕਰੋ ਨਹੀਂ ਤਾਂ ਮੈਂ ਛੱਡ ਕੇ ਚਲੀ ਜਾਊਂ, ਅਹੁ ਨਾ ਕਰੋ ਨਹੀਂ ਤਾਂ ਮੈਂ ਚਲੇ ਜਾਣੈ। ਕਿਤੇ ਇਕ ਦਿਨ... ਮੈਂ ਮਰਜੂੰ ਕੁਝ ਖਾ ਕੇ। ਔਰਤ ਜਦੋਂ ਆਪ ਜੀਅ ਭਰ ਕੇ ਜਿਊ ਰਹੀ ਹੁੰਦੀ ਹੈ ਓਦੋਂ ਮਰਨ ਦੀ ਗੱਲ ਕਰਕੇ ਬੰਦੇ ਨੂੰ ਮਾਰ ਛੱਡਦੀ ਐ। ਉਹ ਇੰਜ ਇਸ ਕਰਕੇ ਕਰਦੀ ਹੈ ਤਾਂ ਕਿ ਤੁਹਾਨੂੰ ਯਾਦ ਕਰਾ ਸਕੇ ਕਿ ਉਹ ਤੁਹਾਡੀ ਜ਼ਿੰਦਗੀ ਵਿਚ ਹੈ।
- ਔਰਤ ਤੁਹਾਡੀ ਜ਼ਿੰਦਗੀ ਵਿਚ ਇਸ ਤਰ੍ਹਾਂ ਆਉਂਦੀ ਹੈ ਕਿ ਇਕ ਦਿਨ ਤੁਹਾਡੀ ਜ਼ਿੰਦਗੀ ਹੀ ਬਣ ਜਾਂਦੀ ਹੈ। ਉਹ ਤੁਹਾਡੇ ਨਿੱਕੇ ਨਿੱਕੇ ਕੰਮ ਵੱਡੀ ਖੁਸ਼ੀ ਨਾਲ ਕਰਦੀ ਹੈ। ਤੁਹਾਡੇ ਲਈ ਉਹ ਸਭ ਕੁਝ ਕਰਦੀ ਹੈ, ਜੋ ਭਾਵੇਂ ਉਹ ਨਹੀਂ ਵੀ ਕਰਨਾ ਚਾਹੁੰਦੀ ਤੇ ਇਸ ਤਰ੍ਹਾਂ ਉਹ ਤੁਹਾਨੂੰ ਆਪਣੇ ਆਪ 'ਤੇ ਡਿਪੈਂਡ ਕਰ ਲੈਂਦੀ ਹੈ ਕਿ ਉਸ ਤੋਂ ਬਿਨਾ ਤੁਸੀਂ ਹੈਂਡੀਕੈਪ ਹੋ ਕੇ ਰਹਿ ਜਾਂਦੇ ਹੋ। ਉਹ ਆਏ ਮਹੀਨੇ ਪੇਕੇ ਜਾਂਦੀ ਹੈ। ਇਸ ਲਈ ਨਹੀਂ ਕਿ ਉਸਨੂੰ ਪੇਕਿਆਂ ਨਾਲ ਮੋਹ ਐ। ਸਗੋਂ ਇਸ ਲਈ ਕਿ ਉਹ ਵੇਖਣਾ ਚਾਹੁੰਦੀ ਹੈ ਕਿ ਇਹ ਬੰਦਾ ਹਾਲੇ ਕਿੰਨਾ ਕੁ ਹੈਂਡੀਕੈਪ ਹੋਇਆ ਹੈ ਤੇ ਜਦੋਂ ਈ ਔਰਤ ਨੂੰ ਅਹਿਸਾਸ ਹੋ ਜਾਏ ਕਿ ਹੁਣ ਇਹ ਬੰਦਾ ਉਸ ਬਿਨਾ ਕਿਸੇ ਕੰਮ ਦਾ ਨਹੀਂ ਫੇਰ ਉਹ ਧਮਕੀਆਂ ਦੇਣ ਲੱਗਦੀ ਹੈ- ਛੱਡ ਜੂੰਗੀ, ਮਰ ਜੂੰਗੀ...

ਇਸ ਤਰ੍ਹਾਂ ਇਸ ਕਥਾ ਦੀ ਗਹਿਨ ਸੰਰਚਨਾ ਵਿਚ ਔਰਤ ਮਰਦ ਦੇ ਰਿਸ਼ਤੇ ਦੇ ਉਹ ਜੁਜ਼ ਪਏ ਹਨ, ਜੋ ਜ਼ਿੰਦਗੀ ਵਿਚ ਕਾਰਜਸ਼ੀਲ ਹੁੰਦੇ ਹਨ। ਏਥੇ ਮਸਲਾ 'ਈਗੋ' ਦੇ ਰੂਪ ਵਿਚ ਪ੍ਰਗਟ ਹੁੰਦਾ ਹੈ। ਦੋਹਾਂ ਦੀ ਈਗੋ ਦੇ ਟਕਰਾ ਵਿਚ ਰਿਸ਼ਤੇ ਟੁੱਟਦੇ, ਭੁਰਦੇ, ਤਿੜਕ ਕੇ ਨਵੇਂ ਸਮੀਕਰਣ ਸਿਰਜਦੇ ਹਨ। ਇਸ ਈਗੋ ਦੇ ਅਨੇਕਾਂ ਪਾਸਾਰ ਹਨ।

ਪਰ ਇਹ ਕਥਾਵਾਂ ਆਪਣੇ ਮੁੱਢਲੇ ਰੂਪ ਵਿਚ ਸੁਹਜਮਈ ਚਿਹਨਾਂ ਆਸਰੇ ਗਤੀਸ਼ੀਲ ਹੁੰਦੀਆਂ ਹਨ। ਜਿਵੇਂ ਜਗਵਿੰਦਰ ਦੀ ਕਥਾ ਵਿਚ 'ਮੁਸਕਾਨ' ਚਿਹਨ ਦੇ ਰੂਪ ਵਿਚ ਸੁਹਜ ਨੂੰ ਸਿਰਜਣ ਦਾ ਵਸੀਲਾ ਹੈ -

- ਹਰ ਵਾਰ ਉਹਦੀ ਮੁਸਕਾਨ ਵੱਡੀ ਹੁੰਦੀ ਗਈ।
- ਉਸਦੀ ਮੁਸਕਾਨ ਇੰਨੀ ਵੱਡੀ ਤੇ ਡੂੰਘੀ ਹੋ ਗਈ ਕਿ ਉਹਦੇ ਸਾਰੇ ਚੇਹਰੇ 'ਤੇ ਫੈਲ ਗਈ ਤੇ ਮੇਰੇ ਵਜੂਦ 'ਤੇ...
- ਉਹਦੀ ਮੁਸਕਾਨ ਏਨੀ ਨਾਜ਼ੁਕ ਸੀ ਕਿ ਤੁਹਾਡਾ ਉਹਨੂੰ ਛੂਹਣ ਨੂੰ ਵੀ ਜੀਅ ਨਾ ਕਰੇ। ਡਰ ਲੱਗੇ ਕਿ ਛੂਹਿਆਂ ਤਾਂ ਟੁੱਟ ਜੂ।
- ਮੁਸਕਾਨ ਨੂੰ ਡੀਕ ਲਾ ਕੇ ਪੀਣਾ...
- ਜਾਣੀ ਪਛਾਣੀ ਮੁਸਕਾਨ...
- ਮੋਟੀਆਂ ਅੱਖਾਂ ਤੇ ਹੋਠਾਂ ਵਿਚੋਂ ਪੂਰੇ ਜਿਸਮਾਂ ਤੱਕ ਫੈਲਦੀ ਮੁਸਕਾਨ...

ਇਸ ਤਰ੍ਹਾਂ ਇਹ ਚਿਹਨ ਕਥਾ ਦੇ ਆਰ ਪਾਰ ਫੈਲ ਜਾਂਦਾ ਹੈ। ਪੈਂਤੀ ਵਰ੍ਹਿਆਂ ਬਾਅਦ ਜਦੋਂ ਤਾਏ ਦੇ ਭੋਗ 'ਤੇ ਉਹ ਇੰਡੀਆ ਆਉਂਦਾ ਤਾਂ ਉਹਦੀ ਮੁਲਾਕਾਤ ਮੁਸਕਾਨ ਨਾਲ ਹੁੰਦੀ ਹੈ। ਪਰ ਹੁਣ ਬੀਤੇ ਦੀਆਂ ਯਾਦਾਂ ਉਨ੍ਹਾਂ ਦੀ ਸਿਮਰਤੀ ਦਾ ਅੰਗ ਹਨ, ਬੀਤੇ ਪਲ ਉਨ੍ਹਾਂ ਲਈ ਓਥੇ ਹੀ ਫਰੀਜ਼ ਹੋ ਕੇ ਖੜੇ ਹਨ। ਔਰਤ ਨਾਲ ਰਿਸ਼ਤੇ ਬਾਰੇ ਉਹਦਾ ਕਥਨ ਹੈ-

> 'ਔਰਤ ਨਾਲ ਤੁਹਾਡਾ ਰਿਸ਼ਤਾ ਕਿਹੋ ਜਿਹਾ ਹੈ, ਉਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਉਸਨੂੰ ਕਿਵੇਂ ਮਿਲੇ, ਕਿਥੇ ਮਿਲੇ, ਕਿਸ ਹਾਲ ਵਿਚ ਮਿਲੇ। ਸਭ ਤੋਂ ਵੱਧ ਇਹ ਕਿ ਤੁਸੀਂ ਉਸ ਰਿਸ਼ਤੇ ਬਾਰੇ ਕੀ ਸੋਚਿਆ। ਸੁਖਜਿੰਦਰ ਮੇਰੀ ਲਾਈਫ ਵਿਚ ਇਸ ਤਰ੍ਹਾਂ ਆਈ ਕਿ ਮੈਨੂੰ ਪਤਾ ਹੀ ਨਾ ਲੱਗਾ ਕਿ ਉਹ ਕਦੋਂ ਆਈ ਤੇ ਕਦੋਂ ਚਲੀ ਗਈ। ਬਟ ਵੈਨ ਸ਼ੀ ਲੈਫਟ, ਆਈ ਸਟਾਰਟਡ ਮਿਸਿੰਗ ਹਰ...'

ਤੀਜੀ ਕਥਾ ਨਿਰਮਲ ਦੀ ਹੈ। ਕਾਲਜ ਪੜ੍ਹਦਿਆਂ ਜਵਾਨੀ ਦੇ ਦਿਨਾਂ ਵਿਚ ਉਹਦਾ ਮੇਲ ਇਕ ਕੁੜੀ ਨਾਲ ਹੁੰਦਾ ਹੈ। ਚੜ੍ਹਦੀ ਉਮਰ ਵਿਚ ਜਿਵੇਂ ਕਾਲਜੀਏਟ ਕਰਦੇ ਹਨ, ਓਸੇ ਤਰ੍ਹਾਂ ਦੀਆਂ ਜੁਗਤਾਂ ਉਸ ਕੁੜੀ ਨੂੰ ਪ੍ਰਾਪਤ ਕਰਨ ਲਈ ਨਿਰਮਲ ਘੜਦਾ ਹੈ। ਜਿਸਮਾਨੀ ਭਾਸ਼ਾ ਰਾਹੀਂ ਉਹ ਉਸ ਕੁੜੀ ਦੇ ਹਾਵ-ਭਾਵ ਟੋਂਹਦਾ ਹੈ। ਉਹਦੇ ਜਿਸਮਾਨੀ ਚਿੰਨ੍ਹਾਂ ਤੇ ਸੰਕੇਤਾਂ ਤੋਂ ਪ੍ਰਾਪਤੀ ਦੀ ਆਸ ਦਾ ਭਰਮ ਪਾਲਦਾ ਹੈ ਇਹ ਉਸ ਗਭਰੇਟ ਉਮਰ ਦਾ ਨਜ਼ਰੀਆ ਤੇ ਤਕਾਜ਼ਾ ਹੈ-

- ਕੁੜੀਆਂ ਦੇ ਮਨ ਪੜ੍ਹਣ ਲਈ ਉਨ੍ਹਾਂ ਦੇ ਜਿਸਮਾਨੀ ਸੰਕੇਤਾਂ ਨੂੰ ਸਮਝਣਾ ਸਿਖੋ। ਮਸਲਨ ਉਹ ਤੁਹਾਡੇ ਕੋਲੋਂ ਕਿੰਨੇ ਫੁੱਟ ਤੋਂ ਲੰਘਦੀ ਹੈ। ਕਿਹੜੇ ਐਂਗਲ ਨਾਲ ਤੱਕਦੀ ਹੈ। ਰਸਤੇ ਵਿਚ ਜਦੋਂ ਸਾਹਮਣਿਓਂ ਆ ਰਹੀ ਹੁੰਦੀ ਹੈ ਤਾਂ ਉਸ ਦੀਆਂ ਸਰੀਰਕ ਹਰਕਤਾਂ ਕੀ ਹੁੰਦੀਆਂ ਹਨ। ਜੇ ਕੋਈ ਕੁੜੀ ਤੁਹਾਨੂੰ ਪਸੰਦ ਕਰਦੀ ਹੈ ਤਾਂ ਉਹ ਤੁਹਾਨੂੰ ਸਾਹਮਣੇ ਵੇਖ ਕੇ ਵਧੇਰੇ ਖੁਲ੍ਹ ਕੇ ਹੱਥ ਪੈਰ ਮਾਰਦੀ ਤੁਹਾਡੇ ਕੋਲੋਂ ਲੰਘੇਗੀ। ਸਿੱਧਾ ਝਾਕਣ ਦੀ ਬਜਾਏ ਏਧਰ ਓਧਰ ਵੇਖੇਗੀ। ਤੁਹਾਡੇ ਅੱਗੇ ਜਾਂਦਿਆਂ, ਉਹਦਾ ਹੱਥ ਵਾਰ ਵਾਰ ਪਿੱਠ ਪਿਛੇ ਆਏਗਾ ਤੇ ਬਿਨਾ ਲੋੜੋਂ ਚੁੰਨੀ ਜਾਂ ਗੁੱਤ ਠੀਕ ਕਰਦਾ ਰਹੇਗਾ।

ਇਸਦੀ ਗਹਿਣ ਸੰਰਚਨਾ ਵਿਚਲੀਆਂ ਇਹ ਬਰੀਕੀਆਂ ਅਸਲ ਵਿਚ ਉਹ ਆਕਰਸ਼ਨ ਹੈ ਜੋ ਜਵਾਨੀ ਵਿਚ ਗਤੀ ਪੈਦਾ ਕਰਦਾ ਹੈ। ਇਸ ਆਕਰਸ਼ਨ ਦੇ ਜਿਸਮਾਨੀ ਸੰਕੇਤਾਂ ਦੀ ਥਾਹ ਪਾਉਂਦਾ ਨਿਰਮਲ ਇਕ ਗੁੰਝਲ ਵਿਚ ਫਸ ਜਾਂਦਾ ਹੈ, ਜਿੱਥੇ ਉਹ ਆਪਣੇ ਦੋਸਤ ਦੀ ਖਾਤਰ ਕੇਸ ਕਟਾ ਲੈਂਦਾ ਹੈ। ਪਰ ਉਹਦੀ 'ਲੱਛੀ' ਨੂੰ ਇਹ ਸਭ ਪਸੰਦ ਨਹੀਂ। ਉਹਦੀ ਮਾਂ ਨੂੰ ਵੀ ਉਹਦੇ ਕੇਸ ਕਟਾਉਣੇ ਨਹੀਂ ਭਾਉਂਦੇ। ਏਥੇ ਲੇਖਕ ਔਰਤ ਦੇ ਮਾਂ ਰੂਪੀ ਚਿਹਨ ਦੀ ਵਿਆਖਿਆ ਕਰਦਾ ਹੈ-

- ਮਾਂ ਬੰਦੇ ਦੀ ਜ਼ਿੰਦਗੀ ਵਿਚ ਆਉਣ ਵਾਲੀ ਪਹਿਲੀ ਔਰਤ ਹੁੰਦੀ ਹੈ। ਵੱਡਾ ਹੋ ਕੇ ਪੁੱਤ ਮਾਂ ਲਈ ਸਿਰਫ਼ ਪੁੱਤ ਨਹੀਂ ਰਹਿ ਜਾਂਦਾ ਇਕ ਮਰਦ ਹੋ ਜਾਂਦਾ ਹੈ।
- ਓਸ਼ੋ ਕਹਿੰਦਾ ਹੈ, ਬੰਦਾ ਮਾਂ ਦੇ ਰਾਹੀਂ ਪਹਿਲੀ ਵਾਰ ਕਿਸੇ ਔਰਤ ਦੇ ਜਿਸਮ ਨੂੰ ਸਿਖਦੈ। ਮਾਂ ਦੀਆਂ ਛਾਤੀਆਂ ਤੋਂ ਔਰਤ ਦੇ ਜਿਸਮ ਨਾਲ ਬੰਦੇ ਦੀ ਪਹਿਲੀ ਜਾਣ ਪਛਾਣ ਹੁੰਦੀ ਐ। ਇਹੀ ਕਾਰਨ ਹੈ ਬੰਦੇ ਸਾਰੀ ਉਮਰ ਔਰਤਾਂ ਦੀਆਂ ਛਾਤੀਆਂ ਵੇਖਦੇ ਰਹਿ ਜਾਂਦੇ ਐ। ਅਸਲ ਵਿਚੋਂ ਉਹ ਉਨ੍ਹਾਂ ਵਿਚੋਂ ਆਪਣੀ ਗੁਆਚੀ ਹੋਈ ਪਹਿਲੀ ਪਛਾਣ ਲੱਭ ਰਹੇ ਹੁੰਦੇ ਨੇ।


ISSN : 2395-1273

- ਇਕ ਔਰਤ ਲਈ ਉਹਦਾ ਪੁੱਤ ਮਰਦ ਵਰਗੇ ਅਰਥ ਸਿਰਜਦਾ ਹੈ। ਉਹ ਆਪਣੇ ਪਤੀ ਦੀ ਗਲਤੀ ਕਦੇ ਮੁਆਫ਼ ਨਹੀਂ ਕਰਦੀ ਪਰ ਪੁੱਤ ਦੀ ਵੱਡੀ ਤੋਂ ਵੱਡੀ ਕਰਤੂਤ ਮੁਆਫ਼ ਕਰ ਦੇਂਦੀ ਹੈ ਕਿਉਂਕਿ ਪੁੱਤ ਉਹਦੇ ਹਿੱਸੇ ਦਾ ਅਸਲ ਮਰਦ ਹੁੰਦਾ ਹੈ।

ਇਸ ਤਰ੍ਹਾਂ ਰਿਸ਼ਤਿਆਂ ਦੀ ਮਨੋਵਿਗਿਆਨਕ ਵਿਆਖਿਆ ਵਿਚੋਂ ਲੇਖਕ ਅਜਿਹੇ ਅਰਥਾਂ ਦੀ ਤਲਾਸ਼ ਕਰ ਰਿਹਾ ਹੈ ਜੋ ਮਾਨਵੀ ਧਰਾਤਲ 'ਤੇ ਸਦੀਆਂ ਤੋਂ ਰਿਸ਼ਤਿਆਂ ਦੀ ਵਿਆਕਰਣ ਵਿਚ ਪਏ ਹਨ। ਮਾਂ ਦੇ ਇਸ ਚਿਹਨ ਰਾਹੀਂ ਔਰਤ ਦੀ ਇਕ ਹੋਰ ਪ੍ਰਤੀ ਧੁਨੀ ਇਸ ਨਾਵਲ ਵਿਚ ਗੂੰਜਦੀ ਹੈ। ਇਸ ਪਿਛੇ ਮਨੋਵਿਗਿਆਨ ਤੇ ਫ਼ਿਲਾਸਫੀ ਨੂੰ ਤਰਕ/ਵਿਤਰਕ ਦਾ ਹਿੱਸਾ ਬਣਾਇਆ ਗਿਆ ਹੈ। ਇਸ ਸਥਿਤੀ ਵਿਚਲੀ ਆ-ਪ੍ਰਾਪਤੀ ਤੋਂ ਨਿਰਮਲ ਕਵੀ ਬਣ ਜਾਂਦਾ ਹੈ। ਮਹਿਬੂਬਾ ਦਾ ਵਿਛੋੜਾ/ਵਿਗੋਚਾ ਉਸ ਲਈ ਕਾਵਿ ਆਬਸ਼ਾਰਾਂ ਵਿਚ ਢਲ ਕੇ ਸਬਲਾਈਮ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਪਰ ਵਿਦੇਸ਼ ਵਿਚ ਰਹਿੰਦਿਆਂ ਉਹਨੂੰ ਅਚਾਨਕ ਸੂਹ ਮਿਲਦੀ ਹੈ ਕਿ ਉਹਦੀ ਲੱਛੀ ਇਸ ਵੇਲੇ ਕਲਕੱਤੇ ਵਿਚ ਰਹਿ ਰਹੀ ਹੈ। ਉਹ ਇੰਡੀਆ ਆ ਕੇ ਪੁਰਾਣੀਆਂ ਯਾਦਾਂ ਦੇ ਜ਼ਖਮ ਉਚੇੜਦਾ, ਉਨ੍ਹਾਂ ਵਿਚ ਗੁਆਚਾ, ਦਿੱਲੀ ਵਿਚ ਉਹਨੂੰ ਮਿਲਣ ਦਾ ਰਾਹ ਪੱਧਰਾ ਕਰਦਾ ਹੈ, ਪਰ ਜਦੋਂ ਉਹਨੂੰ ਸਟੇਸ਼ਨ 'ਤੇ ਮਿਲਦਾ ਹੈ ਤਾਂ ਉਹਨੂੰ ਮਹਿਸੂਸ ਹੁੰਦਾ ਹੈ ਜਿਵੇਂ ਸਮਾਂ ਉਸ ਰਿਸ਼ਤੇ ਨੂੰ ਉਡਾ ਕੇ ਦੂਰ ਲੈ ਗਿਆ ਹੋਵੇ। ਉਹ ਫ਼ਰੀਜ਼ ਹੋਏ ਪਲ ਪਿਘਲ ਕੇ ਵਹਿ ਗਏ ਹੋਣ -

- ਗੱਡੀ ਵਿਚੋਂ ਮਨਪ੍ਰੀਤ ਕੌਰ ਨਾਂ ਦੀ ਇਕ ਅੱਧਖੜ ਔਰਤ ਉਤਰੀ ਸੀ। ਸਮੇਂ ਦੀ ਮਾਰ ਨਾਲ ਉਹਦੇ ਵਾਲ ਸਫ਼ੈਦ ਹੋ ਗਏ ਸਨ, ਜਿਨ੍ਹਾਂ ਨੂੰ ਉਹਨੇ ਬੜੀ ਕਾਹਲੀ ਨਾਲ ਮਹਿੰਦੀ ਵਿਚ ਰੰਗਿਆ ਹੋਇਆ ਸੀ। ਉਹਦੀਆਂ ਅੱਖਾਂ 'ਤੇ ਮੋਟੇ ਫਰੇਮ ਵਾਲੀਆਂ ਐਨਕਾਂ ਸਨ। ਉਹ ਕੁਝ ਔਖ ਨਾਲ ਗੱਡੀ ਵਿਚੋਂ ਉਤਰੀ ਸੀ ਤੇ ਬੜਾ ਧੀਮਾ ਧੀਮਾ ਚਲਦੀ ਹੋਈ ਮੇਰੇ ਵੱਲ ਵੱਧ ਰਹੀ ਸੀ। ਉਹਦੀ ਚਾਲ ਵਿਚ ਮਟਕ ਨਹੀਂ ਸਾਵਧਾਨੀ ਸੀ। ਆਪਣੀ ਦਿੱਖ ਤੋਂ ਉਹ ਇਕ ਚੰਗੀ ਔਰਤ ਲੱਗਦੀ ਸੀ, ਪਰ ਉਸ ਵਿਚ ਕੁਝ ਵੀ ਅਜਿਹਾ ਨਹੀਂ ਸੀ ਕਿ ਮੇਰੇ ਅੰਦਰ ਉਹਨੂੰ ਮਿਲਣ ਦੀ ਖਾਹਿਸ਼ ਜਾਗੇ।

ਉਨ੍ਹਾਂ ਦੋਹਾਂ ਵਿਚ ਸੁਪਨੇ ਤੇ ਹਕੀਕਤ ਜਿੰਨਾ ਫ਼ਾਸਲਾ ਸੀ। ਉਨ੍ਹਾਂ ਦੇ ਦਿਲਾਂ ਅੰਦਰ ਵਲਵਲੇ ਸਨ, ਸੈਂਕੜੇ ਖਾਹਿਸ਼ਾਂ ਵੀ ਸਨ ਪਰ ਉਹ ਦੀਵਾਨਗੀ ਤੋਂ ਬੇਰੁਖੀ ਦਾ ਸਫ਼ਰ ਤੈਅ ਕਰ ਰਹੇ ਸਨ। ਕਵੀ ਆਪਣੇ ਅੰਦਰ ਦੀ 'ਮਨਪ੍ਰੀਤ' ਨੂੰ ਲੱਭਣ ਲਈ ਹਜ਼ਾਰਾਂ ਮੀਲਾਂ ਦਾ ਸਫ਼ਰ ਤੈਅ ਕਰਕੇ ਆਇਆ ਸੀ ਪਰ ਉਹ ਤਾਂ ਉਨ੍ਹਾਂ ਬੀਤ ਗਏ ਪਲਾਂ ਵਿਚ ਫ਼ਰੀਜ਼ ਹੋ ਕੇ ਰਹਿ ਗਈ ਸੀ। ਉਹ ਤਾਂ ਇਕ ਸੁਪਨੇ ਦੀ ਨਿਆਈਂ ਸੀ। ਕਈ ਵਾਰ ਸੁਪਨਿਆਂ ਦਾ ਟੁੱਟ ਜਾਣਾ, ਉਨ੍ਹਾਂ ਦੇ ਪੂਰੇ ਹੋ ਜਾਣ ਤੋਂ ਬ੍ਰੇਤਰ ਹੁੰਦਾ ਹੈ। ਕੁਝ ਸੁਪਨੇ ਪੈਦਾ ਹੀ ਮਰ ਜਾਣ ਲਈ ਹੁੰਦੇ ਹਨ। ਕਈ ਖ਼ੁਆਬ ਇਸ ਲਈ ਖ਼ੂਬਸੂਰਤ ਹੁੰਦੇ ਹਨ ਕਿ ਉਹ ਅੰਤ ਤੱਕ ਖ਼ੁਆਬ ਹੀ ਰਹਿੰਦੇ ਹਨ, ਹਕੀਕਤ ਬਣਨ ਦੀ ਉਨ੍ਹਾਂ ਵਿਚ ਸਮਰੱਥਾ ਨਹੀਂ ਹੁੰਦੀ। ਔਰਤਾਂ ਬਾਰੇ ਤਰਕਾਂ/ਵਿਤਰਕਾਂ ਵਿਚੋਂ ਕਈ ਪ੍ਰਤੀ ਧੁਨੀਆਂ ਗੂੰਜਦੀਆਂ ਹਨ। ਇਕ ਅਜਿਹੀ ਪ੍ਰਤੀ ਧੁਨੀ ਉਭਰਦੀ ਹੈ ਜਿਸ ਵਿਚ ਔਰਤ ਨੂੰ ਨਾਕਾਰ ਵਿਚ ਫਿਟ ਕਰਨ ਦਾ ਜਤਨ ਕੀਤਾ ਗਿਆ ਹੈ-

- ਜਨਾਨੀ ਤਾਂ ਭਾਊ ਚਿਊਂਗਮ ਵਰਗੀ ਹੁੰਦੀ ਇਆ। ਪਹਿਲਾਂ ਪਹਿਲਾਂ ਮਿੱਠੀ ਲੱਗਦੀ ਆ। ਥੋੜ੍ਹੀ ਦੇਰ ਚੱਬ ਲੋ ਤਾਂ ਫਿੱਕੀ ਲੱਗਣ ਲੱਗ ਪੈਂਦੀ ਇਆ, ਫੇਰ ਕੌੜੀ ਲੱਗਣ ਲੱਗਦੀ ਆ। ਅੰਤ ਨੂੰ ਤਾਂ ਭਾਊ ਦੰਦਾਂ ਨਾਲੋਂ ਖੁਰਚ ਖੁਰਚ ਕੇ ਲਾਹੁਣੀ ਪੈਂਦੀ ਏ।

ਵਿਆਹ ਦੀ ਸੰਸਥਾ ਔਰਤ ਮਰਦ ਦੇ ਸਾਵੇਂ ਰਿਸ਼ਤੇ 'ਤੇ ਟਿਕੀ ਹੋਈ ਹੈ। ਪਰ ਪੱਛਮ ਵਿਚ ਜਿਹੜਾ ਨਿੱਜੀ ਅਜ਼ਾਦੀ ਦਾ ਸੰਕਲਪ ਪੈਦਾ ਹੋਇਆ, ਉਹਨੇ ਵਿਆਹ ਦੀ ਸੰਸਥਾ 'ਤੇ ਪ੍ਰਸ਼ਨ ਚਿੰਨ੍ਹ ਲਾ ਦਿੱਤਾ। ਇਹ ਸੰਸਥਾ ਔਰਤ ਮਰਦ ਦੀ ਇਕਾਈ ਵਜੋਂ ਪਰਿਭਾਸ਼ਤ ਕੀਤੀ ਜਾਂਦੀ ਸੀ ਕਿਉਂਕਿ ਪੁਰਾਣੇ ਸਮਿਆਂ ਵਿਚ ਸਮਾਜ ਤੇ ਪਰਿਵਾਰ ਦੀ ਨੀਂਹ ਇਸ ਤੋਂ ਬੱਝਦੀ ਸੀ। ਪਰ ਆਧੁਨਿਕ ਸਮਿਆਂ ਵਿਚ ਰਿਸ਼ਤਿਆਂ ਤੇ ਸਮਾਜ ਦੋਹਾਂ ਦੇ ਚਲਨ ਵਿਚ ਤਬਦੀਲੀ ਆਈ ਹੈ। ਏਸੇ ਕਰਕੇ ਵਿਆਹ ਵਰਗੀ ਸੰਸਥਾ ਨੂੰ ਵੇਲਾ ਵਿਹਾ ਚੁੱਕੀ ਮੰਨਿਆ ਜਾਣ ਲੱਗ ਪਿਆ ਹੈ ਤੇ ਇਹਦੇ ਵਿਕਲਪ ਵਜੋਂ 'ਲਿਵ ਇਨ ਰਿਲੇਸ਼ਨ' ਨਾਂ ਦੀ ਰਿਸ਼ਤਿਆਂ ਦੀ ਨਵੀਂ ਵਿਆਕਰਣ ਸਿਰਜੀ ਜਾ ਰਹੀ ਹੈ -

- ਸਿਰਫ਼ ਇੰਡੀਅਨ ਮੈਰਿਜ਼ ਸਿਸਟਮ ਹੀ ਕਿਉਂ। ਆਈ ਐਮ ਡੈਡਲੀ ਅਗੇਂਸਟ ਦ ਇੰਸਟੀਚਿਊਸ਼ਨ ਆਫ਼ ਮੈਰਿਜ। ਕੀ ਐ ਮੈਰਿਜ। ਪ੍ਰਾਪਰਟੀ ਦੀ ਰਜਿਸਟਰੀ। ਜਿਸ ਨਾਲ ਤੁਹਾਡਾ ਵਿਆਹ ਹੋ ਗਿਆ, ਸਮਝ ਲਓ, ਨੂੜੇ ਗਏ ਤੁਸੀਂ ਉਸ ਨਾਲ। ਆਪਣੀ ਮਰਜ਼ੀ ਨਾਲ ਜੀਅ ਨਹੀਂ ਸਕਦੇ, ਆਪਣੀ ਮਰਜ਼ੀ ਨਾਲ ਮਰ ਨਹੀਂ ਸਕਦੇ। ਆਪਣੀ ਮਰਜ਼ੀ ਨਾਲ ਆਪਣੇ ਦੋਸਤਾਂ ਨਾਲ ਇਕ ਸ਼ਾਮ ਤੱਕ ਨਹੀਂ ਗੁਜ਼ਾਰ ਸਕਦੇ।

ਚੌਥੀ ਕਥਾ ਪਾਲੀ ਦੀ ਹੈ, ਜੋ ਨਾਵਲ ਲਿਖਣ ਲਈ ਇਹ ਕਿੱਸੇ-ਕਹਾਣੀਆਂ ਸੁਣ ਰਿਹਾ ਹੈ। ਇਸ ਵਿਚ 'ਬਲੌਰੀ ਅੱਖਾਂ' ਦਾ ਚਿਹਨ ਹੈ, ਜੋ ਕਥਾ ਦੀ ਚੂਲ ਹੈ। ਪਰ ਇਸਦਾ ਇਕ ਹੋਰ ਚਿਹਨ 'ਤ੍ਰੇੜ' ਵੀ ਹੈ ਜੋ ਰਿਸ਼ਤਿਆਂ ਵਿਚ ਤਨਾਓ ਸਿਰਜਦਾ ਹੈ। ਰਿਸ਼ਤਿਆਂ ਦੀ ਜੜ੍ਹਤਾ ਵਿਚ ਅੰਦਰ ਬਾਹਰ ਤ੍ਰੇੜਾਂ ਨਜ਼ਰ ਆਉਂਦੀਆਂ ਹਨ ਜੋ ਜਰਜਰ ਹੋ ਚੁੱਕੇ ਰਿਸ਼ਤਿਆਂ ਵਿਚੋਂ ਅਰਥ ਤਲਾਸ਼ ਰਹੀਆਂ ਹਨ। ਬਲਜੀਤ ਨਾਂ ਦੀ ਕੁੜੀ ਉਹਦੀ ਜਮਾਤਣ ਹੈ, ਜਿਸਨੂੰ ਉਹ ਬਿੱਲੀ ਕਹਿੰਦਾ ਹੈ -

- ਬਿੱਲੀ ਨੂੰ ਉਹ ਹਸਰਤ ਨਾਲ ਦੇਖਦਾ ਹੈ। ਉਹਦੇ ਗੋਰੇ ਚਿੱਟੇ ਮੁਖੜੇ 'ਤੇ ਬਿਲਕੁਲ ਸਹੀ ਥਾਂ 'ਤੇ ਵਾਹੀਆਂ ਗਈਆਂ ਬਲੌਰੀ ਅੱਖਾਂ ਤੇ ਪਿਆਜੀ ਬੁੱਲ੍ਹ ਉਹਨੂੰ ਜੋ ਰੂਪ ਬਖਸ਼ਦੇ ਸਨ, ਉਹ ਸਿਰਫ਼ ਕਿੱਸੇ, ਕਹਾਣੀਆਂ ਅੰਦਰ ਵਰਣਿਤ ਹੋਏ ਮਿਲਦੇ ਹਨ। ਮੈਨੂੰ ਨਹੀਂ ਲੱਗਦਾ ਤੁਹਾਡੇ ਵਿਚੋਂ ਕਿਸੇ ਦੀ ਜ਼ਿੰਦਗੀ ਵਿਚ ਕਦੇ ਏਨੀ ਖੂਬਸੂਰਤ ਔਰਤ ਆਈ ਹੋਵੇਗੀ।

ਪਾਲੀ ਨੂੰ ਬਿੱਲੀ ਦੀ ਪ੍ਰਾਪਤੀ ਹੁੰਦੀ-ਹੁੰਦੀ ਰਹਿ ਗਈ। ਉਹ ਕੈਨੇਡਾ ਪਹੁੰਚ ਜਾਂਦਾ ਹੈ। ਓਥੇ ਉਹਦੀ ਮਾਮੀ ਆਪਣੀ ਦੂਰ ਦੀ ਇਕ ਭਾਣਜੀ ਦਾ ਰਿਸ਼ਤਾ ਉਹਨੂੰ ਕਰਾਉਣਾ ਚਾਹੁੰਦੀ ਹੈ ਤੇ ਇਹ ਅੱਗੋਂ ਬਿੱਲੀ ਨਿਕਲਦੀ ਹੈ। ਪਰ ਮਾਮੇ ਦੇ ਇਕ ਗੋਰੀ ਨਾਲ ਚੱਕਰ ਕਰਕੇ ਉਨ੍ਹਾਂ ਵਿਚ ਰੱਫੜ ਪੈ ਜਾਂਦਾ ਹੈ, ਜਿਸ ਕਰਕੇ ਉਹਨੂੰ ਬਿੱਲੀ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਤਰ੍ਹਾਂ ਇਸ ਕਥਾ ਵਿਚ ਓਦੋਂ ਇਕ ਨਵਾਂ ਮੋੜ ਆਉਂਦਾ ਹੈ ਜਦੋਂ ਪਾਲੀ ਦੀ ਇਕ ਹੋਰ ਜਮਾਤਣ ਪੰਮੀ ਰਾਹੀਂ ਉਹਨੂੰ ਪਤਾ ਲੱਗਦਾ ਹੈ ਕਿ ਬਿੱਲੀ ਵੀ ਓਥੇ ਹੀ ਸੈਟਲ ਹੈ।

ਹੁਣ ਉਹਦੇ ਅੰਦਰ ਉਹਨੂੰ ਮਿਲਣ ਦੀ ਖਾਹਿਸ਼ ਦੁਬਾਰਾ ਪ੍ਰਬਲ ਹੋ ਜਾਂਦੀ ਹੈ। ਇਸਦੇ ਦੋ ਕਾਰਨ ਹਨ। ਪਹਿਲਾ, ਬੀਤੇ ਦੀ ਅਪ੍ਰਾਪਤੀ ਹੁਣ ਪ੍ਰਾਪਤੀ ਵੱਲ ਵੱਧ ਰਹੀ ਨਜ਼ਰ ਆਉਂਦੀ ਹੈ। ਦੂਸਰਾ, ਆਪਣੀ ਪਤਨੀ ਨਾਲ ਉਹਦੇ ਆਪਸੀ ਰਿਸ਼ਤੇ ਵਿਚ ਏਨੀ ਠੰਢ ਫੈਲੀ ਹੋਈ ਹੈ ਕਿ ਘਰ ਧਰਤੀ ਦਾ ਉਤਰੀ ਧਰੁਵ ਬਣਿਆ ਹੋਇਆ ਹੈ, ਜਿਸ ਵਿਚ ਉਹ ਜਿਸਮਾਨੀ ਤੌਰ 'ਤੇ ਭਾਵੇਂ ਇਕੱਠੇ ਰਹਿ ਰਹੇ ਹਨ, ਪਰ ਮਾਨਸਿਕ ਤੌਰ 'ਤੇ ਇਕ ਦੂਜੇ ਤੋਂ ਕੋਹਾਂ ਦੂਰ ਹਨ। ਉਨ੍ਹਾਂ ਦੀ ਜ਼ਿੰਦਗੀ ਵਿਚ ਵਿਆਹ ਵਰਗਾ ਕੁਝ ਵੀ ਬਾਕੀ ਨਹੀਂ ਬਚਿਆ। ਬਸ ਇਕ ਸੰਬੰਧ ਸੀ ਜਿਸਨੂੰ ਉਹ ਢੋ ਰਹੇ ਸਨ। ਜਦੋਂ ਉਹ ਬਿੱਲੀ ਨੂੰ ਮਿਲਦਾ ਹੈ ਤਾਂ ਬਿੱਲੀ ਹੁਣ ਉਹ ਵਾਲੀ ਬਿੱਲੀ ਨਹੀਂ ਸੀ ਰਹਿ ਗਈ -

- ਔਰਤਾਂ ਤੇ ਪ੍ਰਛਾਵੇਂ ਜਲਦੀ ਢਲ ਜਾਂਦੇ ਨੇ...
- {ਔਰਤਾਂ} ਵਿਚਾਰੀਆਂ ਘਰ ਸਾਂਭਦੀਆਂ। ਤੇਰੇ ਵਰਗੇ ਲਫੰਡਰ ਘਰ ਵਾਲੇ ਸਾਂਭਦੀਆਂ, ਜੁਆਕ ਸਾਂਭਦੀਆਂ। ਸ਼ਿਫ਼ਟਾਂ ਲਾਉਂਦੀਆਂ। ਕਈਆਂ ਨੂੰ ਤਾਂ ਸੱਸਾਂ ਈ ਲੈ ਡੁੱਬਦੀਆਂ...
- ਘਰਾਂ ਦੇ ਪੰਗੇ ਜਨਾਨੀਆਂ ਨੂੰ ਉਮਰੋਂ ਪਹਿਲਾਂ ਬੁੱਢੇ ਕਰ ਦਿੰਦੇ ਐ...

ਪੱਛਮ ਵੱਲ ਪਰਵਾਸ ਕਰ ਗਏ ਦੇਸੀ ਬੰਦਿਆਂ ਵਿਚ ਦੇਸੀ ਔਰਤ ਪ੍ਰਤੀ ਦ੍ਰਿਸ਼ਟੀ ਪੂਰਬ ਨਾਲੋਂ ਵੱਖਰੀ ਨਹੀਂ। ਔਰਤ ਦੀ ਹੋਂਦ ਪ੍ਰਤੀ ਉਨ੍ਹਾਂ ਦਾ ਦ੍ਰਿਸ਼ਟੀਕੋਣ ਪਿੱਤਰੀ ਸੱਤਾ ਦੀ ਈਗੋ ਵਾਲਾ ਹੈ। ਔਰਤ ਨੂੰ ਇਕ ਜੈਵਿਕ ਪ੍ਰਾਣੀ ਸਮਝਣ ਤੇ ਉਹਦੀ ਮਾਨਸਿਕਤਾ, ਵਿਹਾਰ ਤੇ ਆਤਮਾ ਨੂੰ ਤੱਜ ਕੇ ਉਹਦੇ ਜਿਸਮਾਨੀ ਖਮਾਂ ਤੇ ਲਚਕ ਨੂੰ ਕੇਂਦਰ ਵਿਚ ਰੱਖ ਕੇ ਵਿਚਾਰਿਆ ਜਾਂਦਾ ਹੈ। ਏਸ਼ੀਆਈ ਮਾਨਸਿਕਤਾ ਔਰਤ ਪ੍ਰਤੀ ਅਜੇ ਵੀ ਪਰੰਪਰਾਵਾਦੀ ਮੁੱਲਾਂ ਤੋਂ ਅਜ਼ਾਦ ਨਹੀਂ ਹੋਈ। ਪੱਛਮ ਦੀ ਔਰਤ ਨੇ ਆਪਣੀ ਹੋਂਦ ਦੀ ਲੜਾਈ ਨੂੰ ਲਹਿਰਾਂ ਦੇ ਰੂਪ ਵਿਚ ਲੜਿਆ ਜਦ ਕਿ ਪੂਰਬੀ ਔਰਤ ਕੋਲ ਅਜਿਹਾ ਵਿਕਲਪ ਨਹੀਂ ਸੀ। ਰਿਸ਼ਤਿਆਂ ਦੀ ਗੁੰਝਲਦਾਰ ਪ੍ਰਣਾਲੀ ਤੇ ਰੂੜ੍ਹੀਵਾਦੀ ਮਿੱਥਾਂ ਉਹਦੀ ਹੋਣੀ ਨਾਲ ਚੰਬੜੀਆਂ ਰਹੀਆਂ।

ਪਾਲੀ ਜਦੋਂ ਬਿੱਲੀ ਨੂੰ ਮਿਲਦਾ ਹੈ ਤਾਂ ਉਹਦੇ ਵਿਚ ਕਾਮਨਾ ਜਾਗਦੀ ਹੈ। ਬਿੱਲੀ ਆਪਣੇ ਪਤੀ ਦੇ ਤਸੀਹੇ ਝੱਲ ਰਹੀ ਹੈ। ਉਸ ਤੋਂ ਵੱਖ ਰਹਿ ਰਹੀ ਹੈ। ਪਰ ਜਦੋਂ ਉਹ ਦੋਵੇਂ ਆਪਣੀ ਕਾਮ ਤੇ ਕਾਮਨਾ ਦੀ ਅੰਨ੍ਹੀ ਸੁਰੰਗ ਵਿਚੋਂ ਲੰਘਦੇ ਹਨ ਤਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੇ ਇਕ ਬਹੁਤ ਵੱਡਾ ਬਲੰਡਰ ਕੀਤਾ ਹੈ। ਇਹ ਈਵ ਦੇ ਵਰਜਿਤ ਫਲ ਖਾਣ ਵਰਗੀ ਅਵੱਗਿਆ ਹੈ, ਪਰ ਮਿੱਥ ਦੇ ਉਲਟ ਇਸ ਵਿਚ ਦੋਵੇਂ ਭਾਗੀਦਾਰ ਹਨ। ਅਮੋੜ ਕਾਮਨਾ ਸ਼ੈਤਾਨ ਹੈ ਤੇ ਕਾਮ ਵਰਜਿਤ ਫ਼ਲ ਹੈ। ਦੋਵੇਂ ਪਰਿਵਾਰ ਦੇ ਘੇਰੇ ਵਿਚ ਘੁੰਮ ਰਹੇ ਗ੍ਰਹਿਆਂ ਵਾਂਗ ਹਨ, ਪਰ ਦੋਹਾਂ ਦੇ ਪਰਿਵਾਰਕ ਰਿਸ਼ਤੇ ਤ੍ਰੇੜੇ ਹੋਏ ਹਨ। ਉਹ ਇਨ੍ਹਾਂ ਤ੍ਰੇੜਾਂ ਨੂੰ ਭਰਨਾ ਚਾਹੁੰਦੇ ਹੋਏ ਹੀ ਚੋਰੀ ਦੇ ਵਿਵਰਜਿਤ ਰਿਸ਼ਤੇ ਵਿਚ ਬੱਝ ਜਾਂਦੇ ਹਨ। ਇਸ ਵਿਚੋਂ ਫਿਰ ਫ਼ਿਲਾਸਫੀਕਲ ਮੁੱਦੇ ਉਭਰਦੇ ਹਨ ਜੋ ਔਰਤ ਪ੍ਰਤੀ ਮਰਦ ਦੀ ਦ੍ਰਿਸ਼ਟੀ ਤੇ ਮਾਨਸਿਕਤਾ ਨੂੰ ਉਜਾਗਰ ਕਰਦੇ ਹਨ -

- ਜਨਾਨੀ ਤਾਂ ਅਜਿਹਾ ਖੂਹ ਇਆ, ਜਿਹਦਾ ਦੂਜਾ ਸਿਰਾ ਈ ਕੋਈ ਨਹੀਂ। ਪਤਾ ਨਹੀਂ ਕੇਡੇ ਕੇਡੇ ਤਪੀ ਤਪੀਸਰ ਡੁੱਬ ਗਏ ਉਸ ਅੰਦਰ, ਸਾਡੇ ਵਰਗੀਆਂ ਨਾਸ਼ਮਾਨ ਆਤਮਾਵਾਂ ਕਿਹੜੇ ਬਾਗ ਦੀ ਮੂਲੀ ਨੇ...


ISSN : 2395-1273

- ਬੰਦਾ ਇਕ ਤੋਂ ਬਾਅਦ ਇਕ ਔਰਤ ਨੂੰ ਜਿੱਤਣਾ ਚਾਹੁੰਦੈ, ਪਰ ਹਰ ਜਿੱਤ ਤੋਂ ਬਾਅਦ ਉਹਨੂੰ ਮਹਿਸੂਸ ਹੁੰਦੈ ਉਹਨੇ ਕੁਝ ਵੀ ਨਹੀਂ ਜਿਤਿਆ ਸਗੋਂ ਹਾਰ ਗਿਐ।

ਪਾਲੀ ਆਪਣੀ ਪਤਨੀ ਤੋਂ ਵੱਖ ਹੋ ਕੇ ਬਿੱਲੀ ਨਾਲ ਰਹਿਣ ਦੇ ਸੁਪਨੇ ਬੁਣ ਰਿਹਾ ਹੈ, ਪਰ ਓਦੋਂ ਤਨਾਓ ਦੀ ਸਿਖਰ ਹੋ ਜਾਂਦੀ ਹੈ, ਜਦੋਂ ਉਹਨੂੰ ਪਤਾ ਲੱਗਦਾ ਹੈ ਕਿ ਬਿੱਲੀ ਦੀ ਆਪਣੇ ਪਤੀ ਨਾਲ ਸੁਲ੍ਹਾ ਹੋ ਗਈ ਹੈ ਤੇ ਹੁਣ ਉਹ ਦੋਵੇਂ ਇਕੱਠੇ ਰਹਿ ਰਹੇ ਹਨ। ਆਸ਼ਕ ਲਈ ਇਹ ਜੰਨਤ ਦੇ ਤਿਆਗ ਵਰਗਾ ਚਿਹਨ ਹੈ। ਉਹਦੀ ਆਪਣੀ ਜ਼ਿੰਦਗੀ ਓਸੇ ਉਤਰੀ ਧਰੁਵ ਦੇ ਠੰਢੇ ਮਾਰੂਥਲ ਵਿਚ ਭਟਕ ਰਹੀ ਹੈ। ਹੁਣ ਉਹਦੇ ਕੋਲ ਕੋਈ ਵਿਕਲਪ ਨਹੀਂ। ਸਿਰਫ਼ ਬਿੱਲੀ ਵਰਗੀ ਸਮਝੌਤਾਵਾਦੀ ਬਿਰਤੀ ਬਚੀ ਹੈ।

ਪੰਜਵੀਂ ਕਥਾ ਧੰਜਲ ਦੀ ਹੈ। ਉਹਦੀ ਕਥਾ ਦਾ ਕੇਂਦਰੀ ਸੂਤਰ ਹੈ ਕਿ 'ਔਰਤ ਦੀ ਸਭ ਤੋਂ ਵੱਡੀ ਤਾਕਤ ਹੀ ਇਹ ਹੈ ਕਿ ਉਹ ਫਿਜ਼ੀਕਲੀ ਕਮਜ਼ੋਰ ਹੈ। ਉਹ ਮਰਦ ਨਾਲ ਜਿਸਮਾਂ ਦੀ ਨਹੀਂ ਭਾਵਨਾਵਾਂ ਦੀ ਜੰਗ ਲੜਦੀ ਹੈ ਤੇ ਉਹਨੂੰ ਹਰਾ ਦੇਂਦੀ ਹੈ। ਮੈਂ ਕਹਿੰਦੇ ਕਹਾਉਂਦੇ ਖੱਬੀ ਖਾਨਾਂ ਨੂੰ ਔਰਤਾਂ ਦੇ ਤਰਲੇ ਕਰਦਿਆਂ ਦੇਖਿਆ ਹੈ।'

ਧੰਜਲ ਸ਼ੌਕੀਆ ਰੇਡੀਓ ਪ੍ਰੋਗਰਾਮ ਕਰਦਾ ਹੈ। ਇਨ੍ਹਾਂ ਪ੍ਰੋਗਰਾਮਾਂ ਦੇ ਸਿਲਸਿਲੇ ਵਿਚ ਉਹਨੂੰ ਇਕ ਔਰਤ ਮਿਲਦੀ ਹੈ-ਸ਼ਾਨਦਾਰ ਔਰਤ, ਉੱਚੀ ਲੰਮੀ ਤੇ ਸੋਹਣੀ ਸੁਨੱਖੀ, ਮਾਡਰਨ ਗੈਟ ਅੱਪ। ਤਿੱਖੀ ਝਾਕਣੀ, ਸਵੈ ਵਿਸ਼ਵਾਸ ਦੀ ਮੂਰਤ। ਖ਼ੂਬਸੂਰਤ ਚੇਹਰਾ ਤੇ ਪੂਰੀ ਸ਼ਾਨ ਨਾਲ ਮੌਲਦਾ ਜਿਸਮ। ਉਹ ਸਾਨਫ੍ਰਾਂਸਿਸਕੋ ਵਿਚ ਇਕ ਚੰਗਾ ਹੋਟਲ ਚਲਾ ਰਹੀ ਹੈ ਘਰ ਵਾਲੇ ਨਾਲ ਉਹਦੀ ਖੱਟ ਪੱਟ ਹੋ ਗਈ ਹੈ ਤੇ ਹੁਣ ਉਹ ਪੱਛਮ ਦੀ ਅਜ਼ਾਦ ਤਰਜ਼ੇ-ਜ਼ਿੰਦਗੀ ਬਿਤਾ ਰਹੀ ਹੈ। ਧੰਜਲ ਨਾਲ ਉਹਦੇ ਲੰਮੇ ਸੰਬੰਧ ਬਣਦੇ ਹਨ। ਪਰ ਇਕ ਦਿਨ ਉਹ ਉਹਦਾ ਤਿਆਗ ਕਰ ਦੇਂਦੀ ਹੈ। ਉਹ ਉਹਨੂੰ ਅੰਤਾਂ ਦਾ ਪਿਆਰ ਕਰਦਾ ਹੈ ਤੇ ਆਪਣੀ ਸਾਰੀ ਈਗੋ ਵੀ ਉਹਦੇ ਅੱਗੇ ਢੇਰ ਕਰ ਦੇਂਦਾ ਹੈ। ਪਰ ਉਹ ਔਰਤ ਵੀ ਅੰਤ ਆਪਣੇ ਪਤੀ ਨਾਲ ਸਮਝੌਤਾ ਕਰ ਲੈਂਦੀ ਹੈ ਤੇ ਧੰਜਲ ਜ਼ਿੰਦਗੀ ਦੇ ਤ੍ਰੇੜੇ ਮੁਕਾਮ 'ਤੇ ਖੜਾ ਖਲੋਤਾ ਰਹਿ ਜਾਂਦਾ ਹੈ।

ਉਹ ਉਹਨੂੰ ਨਫ਼ਰਤ ਕਰਦਾ ਹੈ। ਮਰ ਜਾਣਾ ਚਾਹੁੰਦਾ ਹੈ, ਪਰ ਮਰਦਾ ਨਹੀਂ। ਅੰਤ ਉਹਦੇ ਹੱਥ ਜਿਹੜਾ ਸੂਤਰ ਲੱਗਦਾ ਹੈ, ਉਸ ਵਿਚ ਔਰਤ ਨੂੰ ਕਪਟੀ, ਸਵਾਰਥੀ ਤੇ ਮਰਦ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲੀ ਵਜੋਂ ਪਰਿਭਾਸ਼ਤ ਕਰਦਾ ਹੈ -

- ਇਕ ਔਰਤ ਜਦੋਂ ਬੰਦੇ ਨੂੰ ਛੱਡ ਕੇ ਚਲੀ ਜਾਂਦੀ ਹੈ ਤਾਂ ਬੰਦਾ ਉਹਦੀ ਜੁਦਾਈ ਵਿਚ ਏਨਾ ਨਹੀਂ ਤੜਫਦਾ ਜਿੰਨਾ ਆਪਣੀ ਈਗੋ ਹਰਟ ਹੋਣ ਕਰਕੇ ਤੜਫਦਾ ਹੈ। ਉਹਨੂੰ ਹਿਰਖ ਇਸ ਗੱਲ ਦਾ ਹੁੰਦਾ ਹੈ ਕਿ ਸਾਲੀ ਮੈਨੂੰ ਛੱਡ ਕੇ ਦੂਜੇ ਕੋਲ ਕਿਵੇਂ ਚਲੀ ਗਈ।
- ਸੱਚ ਤਾਂ ਇਹ ਹੈ ਕਿ ਬੰਦਾ ਜੰਗਲਾਂ ਵਿਚੋਂ ਨਿਕਲ ਕੇ ਸ਼ਹਿਰਾਂ ਤੱਕ ਪਹੁੰਚ ਗਿਆ ਹੈ, ਪਰ ਜੰਗਲਪੁਣਾ ਉਹਦੇ ਅੰਦਰ ਹਾਲੇ ਵੀ ਓਵੇਂ ਈ ਪਿਐ। ਜਿਵੇਂ ਜੰਗਲ ਅੰਦਰ ਉਹ ਆਦਮਖੋਰ ਸੀ, ਓਵੇਂ ਸ਼ਹਿਰਾਂ ਅੰਦਰ ਵੀ ਆਦਮਖੋਰ ਈ ਐ। ਹੀ ਵਾਂਟ ਟੂ ਬੀ ਐਕਸਪੈਂਡਿਡ। ਭਾਵੇਂ ਰਾਸ਼ਨ ਹੋਵੇ, ਭਾਵੇਂ ਜ਼ਮੀਨ ਤੇ ਭਾਵੇਂ ਜਨਾਨੀ, ਹਰ ਮਾਮਲੇ ਵਿਚ ਉਹ ਵੱਧ ਤੋਂ ਵੱਧ ਕੁਆਂਟਿਟੀ ਚਾਹੁੰਦਾ ਹੈ।
- ਇਕ ਔਰਤ ਤੁਹਾਡੀ ਜ਼ਿੰਦਗੀ ਵਿਚ ਆਉਂਦੀ ਹੈ। ਬੜੀਆਂ ਸੰਭਾਵਨਾਵਾਂ ਨਾਲ ਲੈ ਕੇ ਆਉਂਦੀ ਹੈ। ਮਾਂ ਹੋਣ ਦੀ ਸੰਭਾਵਨਾ, ਪ੍ਰੇਮਿਕਾ ਤੇ ਪਤਨੀ ਹੋਣ ਦੀ ਸੰਭਾਵਨਾ। ਸਭ ਤੋਂ ਵੱਧ ਇਕ ਦੋ ਰਾਤਾਂ ਤੁਹਾਡੇ ਨਾਲ ਗੁਜ਼ਾਰ ਕੇ ਬਿਨਾ ਕਿਸੇ ਰਿਸ਼ਤੇ ਦੇ ਮੁੜ ਜਾਣ ਦੀ ਸੰਭਾਵਨਾ। ਇਹ ਤੁਹਾਡੇ 'ਤੇ ਡੀਪੈਂਡ ਕਰਦੈ ਕਿ ਤੁਸੀਂ ਕਿਹੜੀ ਸੰਭਾਵਨਾ ਚੁਣਦੇ ਹੋ।

ਛੇਵੀਂ ਕਥਾ ਨਦੀਮ ਦੀ ਹੈ, ਜੋ ਇਕ ਗਾਇਕ ਹੈ। ਉਹਦੀ ਗਾਇਕੀ ਕਰਕੇ ਇਕ ਔਰਤ ਉਹਦੀ ਫੈਨ ਹੋਣ ਦੇ ਨਾਤੇ ਉਹਨੂੰ ਮਿਲਦੀ ਹੈ। ਹੌਲੀ-ਹੌਲੀ ਉਨ੍ਹਾਂ ਦੇ ਆਪਸੀ ਸੰਬੰਧ ਬਣ ਜਾਂਦੇ ਹਨ। ਨਦੀਮ ਦੀ ਆਪਣੀ ਜ਼ਿੰਦਗੀ ਤਿੜਕੀ ਪਈ ਹੈ। ਜਿਸ ਔਰਤ ਨਾਲ ਉਹਦਾ ਵਿਆਹ ਹੋਇਆ ਉਹ ਕਿਸੇ ਹੋਰ ਨੂੰ ਚਾਹੁੰਦੀ ਹੈ, ਪਰ ਵਿਆਹ ਨਦੀਮ ਨਾਲ ਹੋ ਜਾਂਦਾ ਹੈ। ਜਦੋਂ ਨਦੀਮ ਨੂੰ ਇਸ ਦਾ ਇਲਮ ਹੁੰਦਾ ਹੈ ਤਾਂ ਉਹ ਉਸ ਪ੍ਰਤੀ ਉਦਾਸੀਨ ਹੋ ਜਾਂਦਾਹੈ।

ਜਿਸ ਔਰਤ ਨਾਲ ਉਹਦਾ ਰਿਸ਼ਤਾ ਗਾਇਕੀ ਕਰਕੇ ਬਣਦਾ ਹੈ, ਉਹਨੂੰ ਇਕ ਦਿਨ ਅਚਾਨਕ ਦਿਲ ਦਾ ਦੌਰਾ ਪੈ ਜਾਂਦਾ ਹੈ। ਉਹ ਉਹਨੂੰ ਹੈਲਪਲਾਈਨ 'ਤੇ ਫੋਨ ਕਰਨ ਲਈ ਕਹਿ ਕੇ ਓਥੋਂ ਚਲੇ ਜਾਣ ਲਈ ਕਹਿੰਦੀ ਹੈ। ਉਨ੍ਹਾਂ ਦਾ ਰਿਸ਼ਤਾ ਚੋਰੀ ਦਾ ਹੈ। ਉਹ ਡਰਦੀ ਹੈ ਕਿ ਜੇ ਕੋਈ ਉਹਦੇ ਬਾਰੇ ਪੁਛੇਗਾ ਤਾਂ ਉਹ ਕੀ ਜੁਆਬ ਦੇਵੇਗੀ। ਏਥੇ ਨਦੀਮ ਦੀ ਸਥਿਤੀ ਉਸ ਵਿਅਕਤੀ ਵਰਗੀ ਹੈ ਜੋ ਤਨਾਓ ਦੇ ਸਿਖਰ 'ਤੇ ਖੜ੍ਹਾ ਉਸ ਔਰਤ ਨੂੰ ਮਰਦਿਆਂ ਦੇਖ ਰਿਹਾ ਹੈ, ਜਿਸ ਨਾਲ ਉਹਦਾ ਜਿਸਮਾਨੀ ਤੇ ਭਾਵੁਕ ਰਿਸ਼ਤਾ ਹੈ।

ਇਹ ਔਰਤ ਜਦੋਂ ਉਹਦੀ ਜ਼ਿੰਦਗੀ ਵਿਚ ਆਉਂਦੀ ਹੈ ਤਾਂ ਓਦੋਂ ਵੀ ਉਹਦਾ ਵਿਹਾਰ ਵੱਖਰੀ ਕਿਸਮ ਦਾ ਹੈ-

- ਉਹ ਕੁਝ ਸੰਗਾਊ ਜਿਹੀ ਔਰਤ ਸੀ। ਹਰ ਗੱਲ 'ਤੇ ਮੁਸਕੁਰਾਂਦੀ ਸੀ। ਸੰਗਾਊ ਜਿਹੀ ਔਰਤ ਸੀ, ਮਤਲਬ ਹਾਲੇ ਤੀਕ ਉਹਦੀ ਜ਼ਿੰਦਗੀ ਵਿਚ ਸਿਰਫ਼ ਉਹਦਾ ਘਰਵਾਲਾ ਹੀ ਸੀ। ਗੱਲ ਕਰਨ ਤੋਂ ਪਹਿਲਾਂ ਆਸੇ ਪਾਸੇ ਝਾਕਦੀ ਸੀ, ਮਤਲਬ ਡਰੀ ਹੋਈ ਤਾਂ ਸੀ ਪਰ ਕੁਝ ਕਰਨਾ ਚਾਹੁੰਦੀ ਸੀ। ਹਰ ਗੱਲ 'ਤੇ ਹੱਸਦੀ ਸੀ, ਇਹ ਉਹਦੀ ਕਿਸੇ ਹੀਣ ਭਾਵਨਾ ਦੀ ਨਿਸ਼ਾਨੀ ਸੀ। ਮੈਨੂੰ ਅਜਿਹੀਆਂ ਔਰਤਾਂ ਵਿਚ ਕੋਈ ਖਾਸ ਦਿਲਚਸਪੀ ਨਹੀਂ। ਕਿਸ ਕੋਲ ਏਨਾ ਵਕਤ ਹੈ ਕਿ ਕਿਸੇ ਔਰਤ ਨੂੰ ਚੁੰਮਣ ਤੋਂ ਪਹਿਲਾਂ ਅੱਧਾ ਘੰਟਾ ਉਸਦੀ ਹੀਣ ਭਾਵਨਾ ਦੂਰ ਕਰਨ 'ਤੇ ਲਾਵੇ।
- ਪਰ ਜਦੋਂ ਇਹੀ ਔਰਤ ਉਹਦੀ ਜ਼ਿੰਦਗੀ ਦਾ ਹਿੱਸਾ ਬਣ ਜਾਂਦੀ ਹੈ ਤਾਂ ਨਦੀਮ ਦਾ ਵਿਹਾਰ ਬਦਲ ਜਾਂਦਾ ਹੈ। ਔਰਤਾਂ ਪ੍ਰਤੀ ਉਹਦਾ ਦ੍ਰਿਸ਼ਟੀਕੋਣ ਵੱਖਰੀ ਕਿਸਮ ਦਾ ਹੈ। ਉਹਨੇ ਹਫ਼ਤੇ ਦੇ ਦਿਨਾਂ ਦੇ ਹਿਸਾਬ ਨਾਲ ਔਰਤਾਂ ਦਾ ਵਰਗੀਕਰਨ ਕੀਤਾ ਹੋਇਆ ਹੈ। ਮਸਲਨ-
- ਕੁਝ ਔਰਤਾਂ ਮੰਡੇ ਮੋਰਨਿੰਗ ਵਰਗੀਆਂ ਹੁੰਦੀਆਂ ਨੇ। ਸਾਫ਼ ਸੁਥਰੀਆਂ ਤੇ ਲਿਸ਼ਕਦੀਆਂ ਪੁਸ਼ਕਦੀਆਂ। ਦਾਗ ਲੱਗਣ ਤੋਂ ਏਨਾ ਡਰਦੀਆਂ ਨੇ ਕਿ ਐਤਵਾਰ ਰਾਤ ਨੂੰ ਜੋ ਆਪਣੇ ਘਰਵਾਲੇ ਨਾਲ ਕੀਤਾ ਹੁੰਦਾ ਇਆ, ਉਸਨੂੰ ਵੀ ਪੂਰਾ ਹਫ਼ਤਾ ਧੋਂਦੀਆਂ ਰਹਿੰਦੀਆਂ ਨੇ। ਗੱਡੀ ਥੱਲੇ ਆ ਕੇ ਕੋਈ ਬਚ ਸਕਦਾ ਏ ਪਰ ਅਜਿਹੀਆਂ ਔਰਤਾਂ ਥੱਲੇ ਆ ਕੇ ਨਹੀਂ ਬਚ ਸਕਦਾ।
- ਔਰਤਾਂ ਦੀ ਦੂਜੀ ਕਿਸਮ ਟਿਊਜ਼ਡੇ ਈਵਨਿੰਗ ਵਰਗੀ ਹੁੰਦੀ ਆ। ਇੰਡੀਆ ਵਿਚ ਟਿਊਜ਼ਡੇ ਈਵਨਿੰਗ ਨੂੰ ਮੰਦਰਾਂ ਵਿਚ ਟੱਲ ਖੜਕਦੇ ਨੇ। ਏ ਰਿਲੀਜਸ ਡੇ। ਇਹ ਔਰਤਾਂ ਵੀ ਰਿਲੀਜਸ ਕਿਸਮ ਦੀਆਂ ਹੁੰਦੀਆਂ ਨੇ। ਪਰ ਇਨ੍ਹਾਂ ਦੀ ਜਿੰਨੀ ਮਰਜ਼ੀ ਆਰਤੀ ਉਤਾਰੋ ਇਨ੍ਹਾਂ ਅੰਦਰ ਕਦੇ ਟੱਲ ਨਹੀਂ ਖੜਕਦਾ।
- ਤੀਜੀ ਕਿਸਮ 'ਵੈਡਨੈਸ ਡੇ ਇਲੈਵਨ ਓ ਕਲਾਕ ਟਾਇਪ' ਔਰਤਾਂ ਦੀ ਹੈ। ਅਜਿਹੀਆਂ ਔਰਤਾਂ ਜ਼ਿੰਦਗੀ ਦੇ ਪਹਿਲੇ ਤਿੰਨ ਦਹਾਕੇ ਘਰਾਂ ਤੱਕ ਸਿਮਟੀਆਂ ਰਹਿੰਦੀਆਂ ਨੇ। ਬੱਚੇ ਜੰਮਦੀਆਂ ਤੇ ਉਨ੍ਹਾਂ ਨੂੰ ਸਾਂਭਦੀਆਂ ਨੇ। ਘਰਵਾਲਿਆਂ ਤੇ ਸੱਸਾਂ ਦੇ ਧੱਕੇ ਸਹਿ ਕੇ ਐਡਜਸਟ ਕਰਨ ਦੀ ਕੋਸ਼ਿਸ਼ ਕਰਦੀਆਂ ਨੇ। ਪਰ ਤੀਹਾਂ ਨੂੰ ਲੰਘ ਕੇ ਆਪਣੇ ਪੈਰ ਛੰਡਣ ਲੱਗ ਜਾਂਦੀਆਂ ਨੇ...
- ਅੱਗੇ ਆਉਂਦਾ ਹੈ ਵੀਰਵਾਰ। ਵੈਡਨੈਸ ਡੇ ਇਲੈਵਨ ਓ ਕਲਾਕ ਵੂਮੈਨ ਨੂੰ ਜਦੋਂ ਨਿਰਵਾਣ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਜਿਊਂਦੇ ਜੀਅ ਇਕ ਭਟਕਦੀ ਆਤਮਾ ਬਣ ਜਾਂਦੀ ਹੈ। ਸਾਰੇ ਸਮਾਜਕ ਤੇ ਘਰੇਲੂ ਬੰਧਨਾਂ ਤੋਂ ਮੁਕਤ ਇਕ ਖਤਰਨਾਕ ਆਤਮਾ। ਅਜਿਹੀਆਂ ਔਰਤਾਂ ਸਿਰਫ਼ ਛੜਿਆਂ ਤੇ ਡਿਵੋਰਸੀਆਂ ਲਈ ਰਿਕਮੈਂਡਿਡ ਨੇ।
- ਫ੍ਰਾਈ ਡੇ ਵੂਮੈਨ ਇਜ਼ ਯੂਅਰ ਵਾਈਫ ਭਗਤੋ। ਉਹ ਤੁਹਾਡੇ ਘਰ ਦੀ ਚਿੰਤਾ ਕਰਦੀ ਹੈ। ਤੁਹਾਡੇ ਬੱਚਿਆਂ ਦੀ ਚਿੰਤਾ ਕਰਦੀ ਹੈ। ਤੁਹਾਡੇ ਰਿਸ਼ਤੇਦਾਰਾਂ ਦੀ ਚਿੰਤਾ ਕਰਦੀ ਹੈ ਤੇ ਸਦਾ ਤੁਹਾਨੂੰ ਚਿੰਤਾ ਵਿਚ ਪਾਈ ਰੱਖਦੀ ਹੈ।
- ਔਰਤਾਂ ਦੀ ਛੇਵੀਂ ਕਿਸਮ ਹੈ ਸਵੀਟ ਸੈਟਰਡੇ। ਇਹ ਉਹ ਔਰਤਾਂ ਨੇ ਜਿਨ੍ਹਾਂ ਕਰਕੇ ਜ਼ਿੰਦਗੀ ਖ਼ੂਬਸੂਰਤ ਏ। ਇਹ ਔਰਤਾਂ ਤੁਹਾਡੀ ਜ਼ਿੰਦਗੀ ਵਿਚ ਸੈਟਰਡੇ ਵਾਂਗ ਆਉਂਦੀਆਂ ਨੇ, ਓਦੋਂ ਜਦੋਂ ਤੁਸੀਂ ਜ਼ਿੰਦਗੀ ਦੀ ਭੱਜ ਨੱਠ ਤੋਂ ਥੱਕ ਕੇ ਨਿਰਾਸ਼ ਹੋ ਚੁੱਕੇ ਹੁੰਦੇ ਓ। ਇਹ ਔਰਤਾਂ ਹਰੇਕ ਬੰਦੇ ਦੀ ਜ਼ਿੰਦਗੀ ਵਿਚ ਜ਼ਰੂਰ ਆਉਂਦੀਆਂ ਹਨ ਕਿਓਂਕਿ ਫ੍ਰਾਈ ਡੇ ਤੋਂ ਬਾਅਦ ਸੈਟਰਡੇ ਨੇ ਆਉਣਾ ਹੀ ਹੁੰਦਾ ਹੈ।
- ਸੰਡੇ ਇਜ਼ ਦ ਲਾਸਟ ਡੇ ਆਫ ਦ ਵੀਕ। ਸੰਡੇ ਕੈਟੇਗਰੀ ਆਫ ਵੂਮੈਨ ਇਜ਼ ਏ ਸੀਰੀਅਸ ਕਾਂਈਡ ਆਫ ਵਿਮੈਨ। ਇਹ ਆਪਣੇ ਬੱਚਿਆਂ ਦੀ ਮਾਂ ਹੁੰਦੀ ਹੈ। ਘਰਵਾਲੇ ਦੀ ਵੀ ਮਾਂ ਹੁੰਦੀ ਹੈ। ਉਹ ਆਪਣੇ ਭਰਾਵਾਂ ਦੀ ਵੀ ਮਾਂ ਹੁੰਦੀ ਹੈ। ਏਥੋਂ ਤੱਕ ਕਿ ਉਹ ਆਪਣੇ ਮਾਂ-ਪਿਓ ਦੀ ਵੀ ਮਾਂ ਹੁੰਦੀ ਹੈ। ਉਸ ਵਿਚ ਸੈਕਸ ਦੇ ਕਿਟਾਣੂੰ ਬਹੁਤ ਘੱਟ ਹੁੰਦੇ ਨੇ। ਸੋ ਬਿਵੇਅਰ ਆਫ਼ ਸੀਰੀਅਸ ਸੰਡੇ ਟਾਈਪ ਵੂਮੈਨ...

ਇਸ ਤਰ੍ਹਾਂ ਨਦੀਮ ਦਾ ਔਰਤਾਂ ਪ੍ਰਤੀ ਦ੍ਰਿਸ਼ਟੀਕੋਣ ਨਵੀਆਂ ਪਰਤਾਂ ਖੋਲ੍ਹਦਾ ਹੈ। ਔਰਤ ਮਰਦ ਦੇ ਰਿਸ਼ਤਿਆਂ ਨੂੰ ਲੇਖਕ ਇੰਜ ਹੀ ਪਰਤ ਦਰ ਪਰਤ ਖੋਲ੍ਹ ਕੇ ਮਾਨਸਿਕ ਗੁੰਝਲਾਂ ਤੇ ਰਿਸ਼ਤਿਆਂ ਨੂੰ ਨਵੇਂ ਅਰਥ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ।


**www.sanvad.org**
ISSN : 2395-1273

ਸਤਵੀਂ ਕਥਾ ਮੰਗਤ ਰਾਮ ਸ਼ਰਮੇ ਦੀ ਹੈ। ਉਹਨੂੰ ਖ਼ੁਸ਼ ਧਾਲੀਵਾਲ ਨਾਂ ਦੀ ਇਕ ਔਰਤ ਮਿਲਣ ਆਉਂਦੀ ਹੈ। ਸ਼ਰਮਾ ਅਸਲ ਵਿਚ ਆਪਣੀ ਕਹਾਣੀ ਤੋਂ ਮੁਨਕਰ ਹੈ ਪਰ ਲੇਖਕ ਦਖ਼ਲ ਦੇ ਕੇ ਉਹਨੂੰ ਆਪਣੀ ਕਥਾ ਸੁਣਾਉਣ ਲਈ ਉਕਸਾਂਦਾ ਹੈ। ਕੈਨੇਡਾ ਵਿਚ ਉਹਨੂੰ ਮਿਨਾਕਸ਼ੀ ਨਾਂ ਦੀ ਇਕ ਔਰਤ ਮਿਲਦੀ ਹੈ। ਉਹਦਾ ਪਤੀ ਉਹਨੂੰ ਮਾਰਦਾ ਕੁੱਟਦਾ ਹੈ। ਸ਼ਰਮੇ ਦੀ ਭੈਣ ਬਿਮਲਾ ਦੀ ਉਹ ਸਹੇਲੀ ਹੈ। ਬਿਮਲਾ ਉਹਦੀ ਮਦਦ ਕਰਨੀ ਚਾਹੁੰਦੀ ਹੈ। ਪਰ ਇਕ ਦਿਨ ਅਚਾਨਕ ਬਿਮਲਾ ਆਪਣੇ ਭਰਾ ਨੂੰ ਫੋਨ ਕਰਕੇ ਮਿਨਾਕਸ਼ੀ ਦੀ ਮਦਦ ਕਰਨ ਲਈ ਕਹਿੰਦੀ ਹੈ। ਜਦੋਂ ਉਹ ਉਹਦੇ ਘਰ ਜਾਂਦਾ ਹੈ ਤਾਂ ਪਤਾ ਲੱਗਦਾ ਹੈ ਕਿ ਉਹਦਾ ਪਤੀ ਦੂਜੇ ਸ਼ਹਿਰ ਸ਼ਿਫਟ ਹੋ ਰਿਹਾ ਹੈ। ਘਰ ਵਿਚ ਉਹ ਇਕੱਲੀ ਹੈ।

ਸਮਾਂ ਫੈਲਦਾ ਹੈ ਤੇ ਉਨ੍ਹਾਂ ਦੇ ਜਿਸਮਾਨੀ ਸੰਬੰਧ ਬਣਦੇ ਹਨ। ਫਿਰ ਉਹ ਇਕ ਦੂਜੇ ਨੂੰ ਭੁਲ ਭੁਲਾ ਜਾਂਦੇ ਹਨ। ਇਕ ਦਿਨ ਉਹਦੀ ਮੌਤ ਹੋ ਜਾਂਦੀ ਹੈ। ਖ਼ੁਸ਼ ਧਾਲੀਵਾਲ ਉਸ ਮਿਨਾਕਸ਼ੀ ਨਾਂ ਦੀ ਔਰਤ ਦੀ ਕੁੜੀ ਹੈ, ਜੋ ਕੈਂਸਰ ਪੀੜਤ ਹੈ। ਉਹਨੂੰ ਬੋਨ ਮੈਰੋ ਦੀ ਲੋੜ ਹੈ। ਉਹਦੇ ਪਿਓ ਦਾ ਬੋਨ ਮੈਰੋ ਉਹਦੇ ਨਾਲ ਮੈਚ ਨਹੀਂ ਕਰਦਾ ਜਿਸ ਤੋਂ ਉਹਦਾ ਭੇਦ ਖੁਲ੍ਹਦਾ ਹੈ ਕਿ ਉਹ ਆਪਣੇ ਪਿਓ ਦੀ ਧੀ ਨਹੀਂ। ਉਹਦਾ ਪਿਓ ਉਹਨੂੰ ਛੱਡ ਕੇ ਚਲਾ ਜਾਂਦਾ ਹੈ। ਇਸਦੇ ਉਲਟ ਮੰਗਤ ਰਾਏ ਸ਼ਰਮੇ ਦਾ ਬੋਨ ਮੈਰੋ ਉਹਦੇ ਨਾਲ ਮੈਚ ਕਰ ਜਾਂਦਾ ਹੈ, ਜਿਸਤੋਂ ਸਪਸ਼ਟ ਹੈ ਕਿ ਉਹ ਉਹਦੇ ਮਿਨਾਕਸ਼ੀ ਨਾਲ ਜਿਸਮਾਨੀ ਸੰਬੰਧਾਂ ਦੀ ਪੈਦਾਇਸ਼ ਹੈ। ਇਸ ਕਥਾ ਨਾਲ ਇਹ ਨਾਵਲ ਸਮਾਪਤ ਹੋ ਜਾਂਦਾ ਹੈ।

ਜੇ ਇਸ ਨਾਵਲ ਦੀ ਅਰਥ ਸੰਰਚਨਾ ਦੇ ਗਹਿਣ ਅਰਥਾਂ ਦੀ ਪਛਾਣ ਕਰੀਏ ਤਾਂ ਕੁਝ ਸੂਤਰਿਕ ਹਵਾਲੇ ਇਸ ਦੇ ਅੰਦਰੋਂ ਹੀ ਲੱਭ ਜਾਂਦੇ ਹਨ। ਔਰਤ ਮਰਦ ਦੇ ਰਿਸ਼ਤੇ ਵਿਚ ਜਿਹੜੀਆਂ ਖਾਈਆਂ, ਵਿੱਥਾਂ ਤੇ ਤ੍ਰੇੜਾਂ ਨਜ਼ਰ ਆਉਂਦੀਆਂ ਹਨ, ਲੇਖਕ ਉਨ੍ਹਾਂ ਨੂੰ ਸਤਹ ਸੰਰਚਨਾ 'ਤੇ ਗਲਪੀ ਭਾਸ਼ਾ ਵਿਚ ਪੇਸ਼ ਕਰ ਰਿਹਾ ਹੈ। ਇਨ੍ਹਾਂ ਦਾ ਆਧਾਰ ਸਰੀਰਕ, ਮਾਨਸਿਕ, ਕੁੰਠਿਤ ਕਾਮਨਾਵਾਂ, ਈਗੋ ਤੇ ਪਿੱਤਰੀ ਸੱਤਾ ਦੇ ਦਬਾਅ ਹਨ। ਔਰਤ ਆਪਣੇ ਆਪ ਵਿਚ ਇਕ ਜੈਵਿਕ ਹੋਂਦ ਵਾਲੀ ਪ੍ਰਾਣੀ ਹੈ, ਪਰ ਮਿੱਥਾਂ, ਲੋਕ ਪਰੰਪਰਾਵਾਂ, ਧਾਰਮਿਕ ਮਾਨਤਾਵਾਂ, ਸਭਿਆਚਾਰਕ ਬੰਦਿਸ਼ਾਂ ਨੇ ਉਹਦੀ ਸਰੀਰਕ ਸਮਰੱਥਾ ਨੂੰ ਕਾਂਟੇ ਹੇਠ ਰੱਖ ਕੇ ਉਹਦਾ ਦਮਨ ਵੀ ਕੀਤਾ ਹੈ ਤੇ ਸ਼ੋਸ਼ਣ ਵੀ। ਲੇਖਕ ਉਸ ਬਾਰੇ ਜਿਹੜੀਆਂ ਧਾਰਨਾਵਾਂ ਪੇਸ਼ ਕਰ ਰਿਹਾ ਹੈ ਉਹ ਵਿਵਾਦੀ ਹਨ, ਪਰ ਇਨ੍ਹਾਂ ਦੇ ਪ੍ਰਸੰਗ ਵਿਚ ਹੀ ਗਲਪੀ ਅਰਥ ਉਜਾਗਰ ਹੁੰਦੇ ਹਨ। ਇਨ੍ਹਾਂ 'ਤੇ ਇਕ ਨਜ਼ਰ ਮਾਰੀ ਜਾ ਸਕਦੀ ਹੈ ਜੋ ਨਾਵਲ ਦਾ ਤੱਤ ਸਾਰ ਹਨ-

- ਮੈਨ ਬੇਸਿਕਲੀ ਇਜ਼ ਏ ਸੈਕਸ ਕ੍ਰਿਮੀਨਲ...
- ਔਰਤ ਮਰਦ ਦੇ ਰਿਲੇਸ਼ਨ ਵਿਚ ਅੱਜ ਵੀ ਇਕ ਜੰਗਲ ਪਿਆ ਹੋਇਆ ਤੇ ਅੱਜ ਵੀ ਜਨਾਨੀ ਦਾ ਬੰਦੇ ਬਿਨਾਂ ਕੁਝ ਨਹੀਂ ਵੱਟੀਦਾ। ਸੋ ਆਪਣੇ ਹਿੱਸੇ ਦਾ ਮਰਦ ਹਾਸਲ ਕਰਨ ਲਈ ਜੇ ਉਹਨੂੰ ਦੂਜੇ ਦੇ ਹਿੱਸੇ ਦਾ ਮਰਦ ਵੀ ਖੋਹਣਾ ਪਵੇ ਤਾਂ ਉਹ ਖੋਹ ਲੈਂਦੀ ਹੈ।
- ਕੋਈ ਔਰਤ ਦੇ ਦਿਲ ਨੂੰ ਨਹੀਂ ਜਾਣਦਾ। ਇਹ ਤਵੇ ਵਰਗਾ ਹੁੰਦਾ ਏ। ਸੇਕ ਥੱਲਿਓਂ ਲੱਗਦਾ ਏ, ਰੋਟੀ ਉਤੇ ਪੱਕਦੀ ਇਆ ਤੇ ਹੱਥੀ ਕਿਤੇ ਹੋਰ ਹੁੰਦੀ ਐ...
- ਬੰਦੇ ਦਾ ਕਹਿਣਾ ਤੇ ਔਰਤ ਦਾ ਕਰਨਾ ਜਿੰਨੇ ਸਮਝ ਆਉਂਦੇ ਹਨ ਉਸ ਤੋਂ ਕਿਤੇ ਵੱਧ ਅਣ-ਸਮਝੇ ਰਹਿ ਜਾਂਦੇ ਹਨ।
- ਬੰਦਾ ਸਾਰੀ ਉਮਰ ਪ੍ਰੇਮਿਕਾ ਲੱਭਦਾ ਰਹਿੰਦਾ ਹੈ। ਜਦ ਉਹ ਮਿਲ ਜਾਂਦੀ ਹੈ, ਉਸਨੂੰ ਬੀਵੀ ਬਣਾਉਣ ਲੱਗ ਪੈਂਦਾ ਤੇ ਜਦ ਉਹ ਬੀਵੀ ਬਣ ਜਾਂਦੀ ਹੈ ਤਾਂ ਫਿਰ ਦੁਖੀ ਹੁੰਦਾ ਹੈ ਕਿ ਇਹ ਪ੍ਰੇਮਿਕਾ ਕਿਉਂ ਨਹੀਂ...
- ਬੰਦਾ ਔਰਤ ਦੇ ਜਾਣ ਤੋਂ ਬਾਅਦ ਤੜਫਦਾ, ਰੋਂਦਾ, ਉਦਾਸ ਹੁੰਦਾ ਪਰ ਕਿਉਂਕਿ ਇਹ ਪਿਆਰ ਦਾ ਟੁੱਟਣਾ ਹੈ, ਈਗੋ ਦੇ ਹਰਟ ਹੋਣ ਦਾ ਮਸਲਾ ਹੈ ਕਿ ਇਕ ਔਰਤ ਤੁਹਾਡੇ ਅਧਿਕਾਰ ਨੂੰ ਠੋਕਰ ਮਾਰ ਕੇ ਚਲੀ ਗਈ ਹੈ।
- ਇਕ ਔਰਤ ਦੇ ਮਨ ਨੂੰ ਸਮਝਣਾ ਸੱਤ ਸਮੁੰਦਰ ਸਰ ਕਰਨ ਵਰਗਾ ਐਡਵੈਂਚਰ ਹੈ। ਉਹਦੇ ਮਨ ਅੰਦਰ ਵੀ ਓਨੇ ਹੀ ਉਤਰਾ ਚੜ੍ਹਾਅ ਹੁੰਦੇ ਨੇ ਜਿੰਨੇ ਉਹਦੇ ਜਿਸਮ 'ਤੇ....

✧